@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 29 November 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 29 ਨਵੰਬਰ 2024, 15 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 19, qpatrika@gmail.com ਫੋਨ : 9971359517 www.qaumipatrika.org

## ‘ਦਿੱਲੀ ਦੁਨੀਆ ਦੀ ਸਭ ਤੋਂ ਅਸੁਰੱਖਿਅਤ ਰਾਜਧਾਨੀ’: ਕੇਜਰੀਵਾਲ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 29 ਨਵੰਬਰ। ਆਮ ਆਦਮੀ ਪਾਰਟੀ (ਆਪ) ਮੁਖੀ ਅਰਵਿੰਦ ਕੇਜਰੀਵਾਲ ਨੇ ਭਾਜਪਾ ਅਗਵਾਈ ਵਾਲੀ ਕੇਂਦਰ ਸਰਕਾਰ ‘ਤੇ ਹਮਲਾ ਬੋਲਦਿਆਂ ਦੋਸ਼ ਲਾਇਆ ਕਿ ਕੇਂਦਰ ਦਿੱਲੀ ਵਿਚ ਕਾਨੂੰਨ ਵਿਵਸਥਾ ਯਕੀਨੀ ਕਰਨ ਵਿਚ ਨਾਕਾਮ ਰਿਹਾ ਹੈ। ਪਾਰਟੀ ਦਫਤਰ ਵਿਚ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਿਤ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਦਿੱਲੀ ‘ਚ ਹਰ ਥਾਂ ਡਰ ਅਤੇ ਅਸੁਰੱਖਿਆ ਦਾ ਮਾਹੌਲ ਹੈ। ਔਰਤਾਂ ਸ਼ਾਮ 7 ਵਜੇ ਤੋਂ ਬਾਅਦ ਘਰੋਂ ਬਾਹਰ ਨਿਕਲਣ ‘ਚ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ ਅਤੇ ਮਾਂ-ਬਾਪ ਆਪਣੀਆਂ ਧੀਆਂ ਦੇ ਬਾਹਰ ਜਾਣ ਨੂੰ ਲੈ ਕੇ ਚਿੰਤਾ ਵਿਚ ਰਹਿੰਦੇ ਹਨ। ਕੇਜਰੀਵਾਲ ਨੇ ਅੱਗੇ ਦੋਸ਼ ਲਾਇਆ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਹੁੰਦੇ ਹੋਏ ਵੀ ਜਬਰਨ ਵਸੂਲੀ, ਗੋਲੀਬਾਰੀ ਅਤੇ ਅਪਰਾਧ ਦੀਆਂ ਘਟਨਾਵਾਂ ਆਮ ਹੋ ਗਈਆਂ ਹਨ। ਕੇਜਰੀਵਾਲ ਨੇ ਦੋਸ਼ ਲਾਇਆ ਕਿ ਭਾਜਪਾ ਅਤੇ ਗ੍ਰਹਿ ਮੰਤਰਾਲਾ ਨੇ ਦਿੱਲੀ ਨੂੰ ਜਬਰਨ ਵਸੂਲੀ ਅਤੇ ਹਿੰਸਾ ਦਾ ਅੱਡਾ ਬਣਾ ਦਿੱਤਾ ਹੈ। ਕੇਜਰੀਵਾਲ ਨੇ ਆਪਣੇ ਕਾਰਜਕਾਲ ਦੌਰਾਨ ਸਿਹਤ, ਸਿੱਖਿਆ ਅਤੇ ਬਿਜਲੀ ਖੇਤਰ ਵਿਚ ‘ਆਪ’ ਦੀਆਂ ਪ੍ਰਾਪਤੀਆਂ ਨੂੰ ਗਿਣਵਾਇਆ ਅਤੇ ਲਾਅ ਇਨਫੋਰਸਮੈਂਟ ਪਾਰਟੀ ਦੇ ਆਗੂ ਮਨੀਸ ਸਿਸੋਦੀਆ, ਸੰਜੇ ਸਿੰਘ ਅਤੇ

ਦੇ ਮਾੜੇ ਪ੍ਰਬੰਧ ਲਈ ਭਾਜਪਾ ‘ਤੇ ਨਿਸ਼ਾਨਾ ਵਿੰਨ੍ਹਦੇ ਹੋਏ ਉਨ੍ਹਾਂ ਕਿਹਾ ਕਿ ਦਿੱਲੀ ਪੁਲਸ ਕੇਂਦਰੀ ਗ੍ਰਹਿ ਮੰਤਰਾਲਾ ਅਧੀਨ ਹੈ ਪਰ ਇਹ ਆਪਣੀਆਂ ਜਿੰਮੇਵਾਰੀਆਂ ਨੂੰ ਪੂਰਾ ਕਰਨ ਵਿਚ ਨਾਕਾਮ ਰਹੀ ਹੈ। ਪ੍ਰੈਸ ਕਾਨਫਰੰਸ ਦੌਰਾਨ ਸੌਰਭ ਭਾਰਦਵਾਜ ਮੌਜੂਦ ਸਨ। ਫਰਵਰੀ ‘ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਨਾਲ-ਨਾਲ ‘ਆਪ’ ਅਤੇ ਭਾਜਪਾ ‘ਚ ਰਾਸਟਰੀ ਰਾਜਧਾਨੀ ‘ਚ ਕਾਨੂੰਨ ਵਿਵਸਥਾ ਨੂੰ ਲੈ ਕੇ ਟਕਰਾਅ ਚੱਲ ਰਿਹਾ ਹੈ।

## ਰਾਖਵੇਂਕਰਨ ਦੇ ਲਾਭ ਲਈ ਧਰਮ ਪਰਿਵਰਤਨ ‘ਸੰਵਿਧਾਨ ਨਾਲ ਧੋਖਾਦੇਹੀ’ : ਸੁਪਰੀਮ ਕੋਰਟ

ਨਵੀਂ ਦਿੱਲੀ, 28 ਨਵੰਬਰ। ਸੁਪਰੀਮ ਕੋਰਟ ਨੇ ਇਕ ਅਹਿਮ ਫੈਸਲੇ ਵਿਚ ਕਿਹਾ ਹੈ ਕਿ ਬਿਨਾਂ ਕਿਸੇ ਅਸਲੀ ਆਸਥਾ ਦੇ ਸਿਰਫ ਰਾਖਵੇਂਕਰਨ ਦਾ ਲਾਭ ਲੈਣ ਲਈ ਕੀਤਾ ਗਿਆ ਧਰਮ ਪਰਿਵਰਤਨ ‘ਸੰਵਿਧਾਨ ਦੇ ਨਾਲ ਧੋਖਾਦੇਹੀ’ ਹੈ। ਜਸਟਿਸ ਪੰਕਜ ਮਿਥਲ ਅਤੇ ਜਸਟਿਸ ਆਰ. ਮਹਾਦੇਵਨ ਨੇ ਸੀ. ਸੇਲਵਰਾਨੀ ਦੀ ਰਿੱਟ ’ਤੇ 26 ਨਵੰਬਰ ਨੂੰ ਇਹ ਫੈਸਲਾ ਸੁਣਾਇਆ ਅਤੇ ਮਦਰਾਸ ਹਾਈ ਕੋਰਟ ਦੇ 24 ਜਨਵਰੀ ਦੇ ਉਸ ਫੈਸਲੇ ਨੂੰ ਬਰਕਰਾਰ ਰੱਖਿਆ, ਜਿਸ ਵਿਚ ਈਸਾਈ ਧਰਮ ਅਪਨਾ ਚੁੱਕੀ ਇਕ ਔਰਤ ਨੂੰ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਦੇਣ ਤੋਂ ਨਾਂਹ ਕਰ ਦਿੱਤੀ ਗਈ ਸੀ। ਔਰਤ ਨੇ ਬਾਅਦ ’ਚ ਰਿਜਰਵੇਸਨ ਤਹਿਤ ਰੁਜਗਾਰ ਲਾਭ ਲੈਣ ਲਈ ਹਿੰਦੂ ਹੋਣ ਦਾ ਦਾਅਵਾ ਕੀਤਾ। ਔਰਤ ਨੇ ਬਾਅਦ ’ਚ ਰਾਖਵੇਂਕਰਨ ਦੇ ਤਹਿਤ ਰੁਜਗਾਰ ਲਾਭ ਪ੍ਰਾਪਤ ਕਰਨ ਲਈ

ਹਿੰਦੂ ਹੋਣ ਦਾ ਦਾਅਵਾ ਕੀਤਾ ਸੀ। ਜਸਟਿਸ ਮਹਾਦੇਵਨ ਨੇ ਬੈਂਚ ਲਈ 21 ਪੰਨਿਆਂ ਦਾ ਫੈਸਲਾ ਲਿਖਿਆ। ਉਨ੍ਹਾਂ ਇਸ ਗੱਲ ਉਤੇ ਜੋਰ ਦਿੱਤਾ ਕਿ ਕੋਈ ਵਿਅਕਤੀ ਕਿਸੇ ਹੋਰ ਧਰਮ ਨੂੰ ਉਦੋਂ ਹੀ ਅਪਨਾਉਂਦਾ ਹੈ, ਜਦੋਂ ਉਹ ਅਸਲ ’ ਚ ਉਸ ਦੇ ਸਿਧਾਂਤਾਂ, ਧਰਮ ਅਤੇ ਅਧਿਆਤਮਿਕ ਵਿਚਾਰਾਂ ਤੋਂ ਪ੍ਰੇਰਿਤ ਹੁੰਦਾ ਹੈ। ਉਨ੍ਹਾਂ ਕਿਹਾ, ‘ਜੇਕਰ ਧਰਮ ਪਰਿਵਰਤਨ ਦਾ ਮੁੱਖ ਮਕਸਦ ਦੂਜੇ ਧਰਮ ਵਿਚ ਅਸਲੀ ਆਸਥਾ ਹੋਣ ਦੀ ਬਜਾਏ ਰਾਖਵੇਂਕਰਨ ਦਾ ਲਾਭ ਪ੍ਰਾਪਤ ਕਰਨਾ ਹੈ ਤਾਂ ਇਸ ਦੀ ਇਜਾਜਤ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਅਜਿਹੇ ਮਾੜੇ ਇਰਾਦਿਆਂ ਵਾਲੇ ਲੋਕਾਂ ਨੂੰ ਰਾਖਵੇਂਕਰਨ ਦਾ ਲਾਭ ਦੇਣ ਨਾਲ ਰਾਖਵਾਂਕਰਨ ਨੀਤੀ ਦੇ ਸਮਾਜਿਕ ਲੋਕਾਚਾਰ ਨੂੰ ਨੁਕਸਾਨ ਪੁੱਜੇਗਾ।

### ਸੀ. ਬੀ. ਆਈ ਦੀ ਰਿੱਟ ’ਤੇ ਯਾਸੀਨ ਮਲਿਕ ਤੋਂ ਜਵਾਬ ਤਲਬ

ਨਵੀਂ ਦਿੱਲੀ, 29 ਨਵੰਬਰ। ਸੁਪਰੀਮ ਕੋਰਟ ਨੇ 2 ਮਾਮਲਿਆਂ ਦੀ ਸੁਣਵਾਈ ਜੰਮੂ ਤੋਂ ਨਵੀਂ ਦਿੱਲੀ ਤਬਦੀਲ ਕਰਨ ਦੀ ਕੇਂਦਰੀ ਜਾਂਚ ਬਿਊਰੋ (ਸੀ. ਬੀ. ਆਈ.) ਦੀ ਰਿੱਟ ’ਤੇ ਵੀਰਵਾਰ ਨੂੰ ਜੰਮੂ-ਕਸਮੀਰ ਦੇ ਵੱਖਵਾਦੀ ਨੇਤਾ ਯਾਸੀਨ ਮਲਿਕ ਅਤੇ ਮੁਲਜਮਾਂ ਤੋਂ ਜਵਾਬ ਮੰਗਿਆ ਹੈ। ਜਸਟਿਸ ਅਭੈ ਐੱਸ. ਓਕਾ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੀ ਬੈਂਚ ਨੇ ਮਲਿਕ ਅਤੇ ਦੂਜੇ ਮੁਲਜਮਾਂ ਨੂੰ ਨੋਟਿਸ ਜਾਰੀ ਕਰਦੇ ਹੋਏ 18 ਦਸੰਬਰ ਤੱਕ ਜਵਾਬ ਦਾਖਲ ਕਰਨ ਦਾ ਹੁਕਮ ਦਿੱਤਾ ਹੈ। ਸੁਣਵਾਈ ਦੌਰਾਨ ਸਾਲਿਸਿਟਰ ਜਨਰਲ ਤੁਸਾਰ ਮਹਿਤਾ ਨੇ ਬੈਂਚ ਨੂੰ ਦੱਸਿਆ ਕਿ ਅਗਵਾ ਮਾਮਲੇ ’ਚ ਸੁਣਵਾਈ ਲਈ ਮਲਿਕ ਨੂੰ ਜੰਮੂ ਦੀ ਅਦਾਲਤ ’ਚ ਲਿਜਾਣਾ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਤਿਹਾੜ ਜੇਲ ’ਚ ‘ਵੀਡੀਓ ਕਾਨਫਰੰਸ’ ਸਹੂਲਤਾਂ ਵਾਲੀ ਅਦਾਲਤ ਹੈ। ਮਾਮਲੇ ਦੀ ਅਗਲੀ ਸੁਣਵਾਈ 18 ਦਸੰਬਰ ਨੂੰ ਹੋਵੇਗੀ।

## ਹੇਮੰਤ ਸੋਰੇਨ ਨੇ ਝਾਰਖੰਡ ਦੇ ਮੁੱਖ ਮੰਤਰੀ ਵਜੋਂ ਚੁੱਕੀ ਸਹੁੰ

**ਨਵਦੀਪ ਸਿੰਘ ਸਾਹਨੀ**

ਰਾਂਚੀ 29 ਨਵੰਬਰ। ਝਾਰਖੰਡ ਨੂੰ ਅੱਜ ਉਨ੍ਹਾਂ ਦਾ ਮੁੱਖ ਮੰਤਰੀ ਮਿਲ

ਗਿਆ ਹੈ। ਹੇਮੰਤ ਸੋਰੇਨੇ ਨੇ ਝਾਰਖੰਡ ਦੇ ਮੁੱਖ ਮੰਤਰੀ ਦੇ ਰੂਪ ਵਿਚ ਸਹੁੰ ਚੁੱਕ ਲਈ ਹੈ। ਰਾਜਪਾਲ ਸੰਤੋਸ਼ ਕੁਮਾਰ ਗੰਗਵਾਰ ਨੇ ਹੇਮੰਤ ਨੂੰ ਅਹੁਦੇ ਦੀ ਸਹੁ ਚੁੱਕਾਈ। ਰਾਂਚੀ ਦੇ ਮੋਰਹਾਬਾਦੀ ਮੈਦਾਨ ਵਿਚ ਆਯੋਜਿਤ ਸਹੁੰ ਚੁੱਕ ਸਮਾਰੋਹ ਵਿਚ ਰਾਹੁਲ ਗਾਂਧੀ, ਸ਼ਰਦ ਪਵਾਰ ਅਤੇ ਮਮਤਾ ਬੈਨਰਜੀ ਸਮੇਤ ਇੰਡੀਆ ਬਲਾਕ ਦੇ ਕਈ ਦਿੱਗਜ ਸ਼ਾਮਲ ਹੋਏ। ਝਾਰਖੰਡ ਮੁਕਤੀ ਮੋਰਚਾ ()ਦੇ ਨੇਤਾ ਹੇਮੰਤ ਸੋਰੇਨ ਦਾ ਇਹ ਮੁੱਖ ਮੰਤਰੀ ਦੇ ਰੂਪ ਵਿਚ ਚੌਥਾ ਕਾਰਜਕਾਲ ਹੋਵੇਗਾ। ਜਦਕਿ ਸੋਰੇਨ ਨੇ ਸੂਬੇ ਦੇ 14ਵੇਂ ਮੁੱਖ ਮੰਤਰੀ ਦੇ ਰੂਪ ਵਿਚ ਸਹੁੰ ਚੁੱਕੀ ਹੈ। ਸੋਰੇਨ ਨੇ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੇ ਗਮਲਿਆਲ ਹੇਮਬ੍ਰੋਮ ਨੂੰ 39,791 ਵੋਟਾਂ ਦੇ ਫਰਕ ਨਾਲ ਹਰਾ ਕੇ ਝਾਰਖੰਡ ਦੀ ਬਰਹੇਟ ਸੀਟ ਨੂੰ ਬਰਕਰਾਰ ਰੱਖਿਆ ਹੈ। ਦੱਸ ਦੇਈਏ ਕਿ , ਕਾਂਗਰਸ, ਆਰ. ਜੇ. ਡੀ. ਅਤੇ ਭਾਕਪਾ-ਮਾਲੇ ਨੂੰ 81 ਵਿਚੋਂ 56 ਸੀਟਾਂ ‘ਤੇ ਜਿੱਤ ਮਿਲੀ ਹੈ। ਹੇਮੰਤ ਸੋਰੇਨ ਦੀ ਅਗਵਾਈ ਵਿਚ ਇੰਡੀਆ ਗਠਜੋੜ ਦੀ ਇਹ ਵੱਡੀ ਜਿੱਤ ਹੈ। ਹੇਮੰਤ ਦੇ ਸਹੁੰ ਚੁੱਕ ਸਮਾਗਮ ਵਿਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਦੇ ਪ੍ਰਧਾਨ ਸਰਦ ਪਵਾਰ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਮੇਘਾਲਿਆ ਦੇ ਕੋਨਰਾਡ ਕੋਂਗਕਲ ਸੰਗਮਾ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਹਿਮਾਚਲ ਪ੍ਰਦੇਸ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ, ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ, ਸਮਾਜਵਾਦੀ ਪਾਰਟੀ ਦੇ ਕੌਮੀ ਪ੍ਰਧਾਨ ਅਖਿਲੇਸ ਯਾਦਵ, ਜੰਮੂ-ਕਸਮੀਰ ਦੀ ਪੀਡੀਪੀ ਨੇਤਾ ਮਹਿਬੂਬਾ ਮੁਫਤੀ, ਤਾਮਿਲਨਾਡੂ ਦੇ ਉਪ ਮੁੱਖ ਮੰਤਰੀ ਉਦੈ ਸਟਾਲਿਨ, ਕਰਨਾਟਕ ਦੇ ਉਪ ਮੁੱਖ ਮੰਤਰੀ ਡੀ.ਕੇ. ਸ਼ਿਵਕੁਮਾਰ, ਰਾਸਟਰੀ ਜਨਤਾ ਦਲ ਦੇ ਨੇਤਾ ਤੇਜਸਵੀ ਯਾਦਵ, ‘ਆਪ’ ਨੇਤਾ ਮਨੀਸ ਸਿਸੋਦੀਆ, ‘ਆਪ’ ਸੰਸਦ ਸੰਜੇ ਸਿੰਘ ਅਤੇ ਲੋਕ ਸਭਾ ਮੈਂਬਰ ਪੱਪੂ ਯਾਦਵ ਸਾਮਲ ਹੋਏ।

## ਹਰਮੀਤ ਕਾਲਕਾ ਬਾਰੇ ਪਰਮਜੀਤ ਸਰਨਾ ਦਾ ਵੱਡਾ ਬਿਆਨ

ਨਵੀਂ ਦਿੱਲੀ 28 ਨਵੰਬਰ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਭਾਜਪਾ ਦੇ ਸਮਾਗਮਾਂ ਵਿਚ ਸ਼ਮੂਲੀਅਲ ਨੂੰ ਲੈ ਕੇ ਡੀਐੱਸਜੀਪੀਸੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਬਿਆਨ ਜਾਰੀ ਕਰਦਿਆਂ ਇਸ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਇਸ ਦੌਰਾਨ ਸਰਨਾ ਨੇ ਆਪਣੇ ਪ੍ਰੈਸ ਬਿਆਨ ਵਿਚ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਿਆਦ ਪੁਗਾ ਚੁੱਕੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਜੋ ਆਪਣੇ ਪਰਿਵਾਰ ਨੂੰ ਵਿਧਾਨ ਸਭਾ ਦੀ ਟਿਕਟ ਦਵਾਉਣ ਲਈ ਭਾਜਪਾ ਦੇ ਪ੍ਰੋਗਰਾਮਾਂ ਵਿੱਚ ਸਰੇਆਮ ਆਮ ਸਮੂਲੀਅਤ ਕੀਤੀ ਜਾ ਰਹੀ ਹੈ। ਇਹ ਬੇਹੱਦ ਨਿੰਦਣਯੋਗ ਹੈ। ਹਰਮੀਤ ਸਿੰਘ ਕਾਲਕਾ ਦੀ ਆਪਣੀ ਤੇ ਕੋਈ ਇੱਜਤ ਹੈ ਨਹੀਂ ਪਰ ਘੱਟੋ ਘੱਟ ਉਹ ਜਿਸ ਅਹੁਦੇ ‘ਤੇ ਕਾਬਜ ਹੋਇਆ ਬੈਠਾ ਹੈ। ਉਸਦੀ ਮਾਣ ਮਰਿਯਾਦਾ ਦਾ ਜਰੂਰ ਖਿਆਲ ਰੱਖਣਾ ਚਾਹੀਦਾ ਹੈ। ਧਰਮ ਨੂੰ ਪੌੜੀ ਬਣਾ ਕੇ ਹਰਮੀਤ ਸਿੰਘ ਕਾਲਕਾ ਜੋ ਆਪਣੀ ਰਾਜਸੀ ਭੁੱਖ ਨੂੰ ਦੂਰ ਕਰਨ ਲਈ ਸਿਆਸੀ ਅਹੁਦਿਆਂ ਦੇ ਲਾਲਚ ਮਗਰ ਤੁਰਿਆ ਫਿਰ ਰਿਹਾ ਹੈ। ਇਹ ਨੈਤਿਕ ਗਿਰਾਵਟ ਦੀ ਨਿਸਾਨੀ ਹੈ। ਜਿੰਨੇ ਯਤਨ ਕਾਲਕਾ ਆਪਣੇ ਰਾਜਸੀ ਲਾਲਚਾਂ ਦੀ ਪੂਰਤੀ ਦੇ ਲਈ ਕਰ ਰਿਹਾ ਹੈ ਜੇਕਰ ਇਸਤੋਂ ਅੱਧੇ ਯਤਨ ਵੀ ਦਿੱਲੀ ਕਮੇਟੀ ਦੇ ਸਕੂਲਾਂ ਕਾਲਜਾਂ ਲਈ ਕੀਤੇ ਹੁੰਦੇ ਤਾਂ ਅੱਜ ਉਹਨਾਂ ਸਕੂਲਾਂ ਕਾਲਜਾਂ ਦੀ ਹਾਲਤ ਹੋਰ ਹੁੰਦੀ। ਜਿਨ੍ਹਾਂ ਦਾ ਹਰਮੀਤ ਸਿੰਘ ਕਾਲਕਾ ਨੇ ਭੱਠਾ ਬਿਠਾਕੇ ਰੱਖ ਦਿੱਤਾ ਹੈ ਤੇ ਹੁਣ ਵੇਚਣ ਦੀ ਤਿਆਰੀ ਕਰ ਰਿਹਾ ਹੈ। ਜੇਕਰ ਹਰਮੀਤ ਸਿੰਘ ਕਾਲਕਾ ਨੂੰ ਏਨਾ ਹੀ ਸਿਆਸੀ ਭੁੱਖ ਹੈ ਤੇ ਉਹ ਭੇਖੀ ਨਾ ਬਣੇ ਸਗੋਂ ਧਰਮ ਦਾ ਖੇਤਰ ਛੱਡਦੇ ਹੋਏ ਦਿੱਲੀ ਕਮੇਟੀ ਤੋਂ ਅਸਤੀਫਾ ਦਿੰਦੇ ਤੇ ਇਸ ਧਰਮ ਵਿਹੂਣੀ ਰਾਜਨੀਤੀ ਵਿੱਚ ਸਿੱਧਾ ਹੀ ਸਾਮਲ ਹੋ ਜਾਵੇ ਤੇ ਆਪਣੀ ਸਿਆਸੀ ਭੁੱਖ ਪੂਰੀ ਕਰ ਲਵੇ। ਇਸ ਲਈ ਕਾਲਕਾ ਨੂੰ ਚਾਹੀਦਾ ਹੈ ਕਿ ਉਹ ਧਰਮ ਨੂੰ ਪੌੜੀ ਨਾ ਬਣਾਉਂਦੇ ਹੋਏ ਇੱਕ ਪਾਸੇ ਹੋ ਜਾਵੇ ਤੇ ਜਿਹੜੀ ਧਿਰ ਤੋਂ ਅੱਜ ਤੱਕ ਇੱਕ ਵੀ ਸਿੱਖਾਂ ਦੀ ਮੰਗ ਪੂਰੀ ਨਹੀਂ ਹੋਈ ਉਸ ‘ਚ ਸਾਮਲ ਹੋ ਕੇ ਆਪਣੀ ਭੁੱਖ ਪੂਰੀ ਕਰ ਲਵੇ।

## ਪ੍ਰਿਅੰਕਾ ਗਾਂਧੀ ਨੇ ਸੰਸਦ ਮੈਂਬਰ ਵਜੋਂ ਚੁੱਕੀ ਸਹੁੰ

ਨਵੀਂ ਦਿੱਲੀ 29 ਨਵੰਬਰ। ਕੇਰਲ ਦੀ ਵਾਇਨਾਡ ਲੋਕ ਸਭਾ ਸੀਟ ਲਈ ਹਾਲ ਹੀ ਵਿੱਚ ਹੋਈ ਉਪ ਚੋਣ ਵਿੱਚ ਉਹ ਸਦਨ ਦੀ ਮੈਂਬਰ ਵਜੋਂ ਚੁਣੀ ਗਈ ਹੈ। ਪ੍ਰਿਅੰਕਾ ਨੇ ਹਿੰਦੀ ਭਾਸਾ ਵਿੱਚ ਸਹੁੰ ਚੁੱਕੀ ਅਤੇ ਇਸ

ਦੌਰਾਨ ਉਨ੍ਹਾਂ ਨੇ ਆਪਣੇ ਹੱਥ ਵਿੱਚ ਸੰਵਿਧਾਨ ਦੀ ਕਾਪੀ ਫੜੀ ਹੋਈ ਸੀ। ਮਹਾਰਾਸਟਰ ਦੇ ਨਾਂਦੇੜ ਤੋਂ ਲੋਕ ਸਭਾ ਮੈਂਬਰ ਚੁਣੇ ਗਏ ਕਾਂਗਰਸ ਨੇਤਾ ਰਵਿੰਦਰ ਬਸੰਤਰਾਓ ਚਵਾਨ ਨੇ ਵੀ ਸਦਨ ਦੀ ਮੈਂਬਰੀ ਦੀ ਸਹੁੰ ਚੁੱਕੀ। ਉਨ੍ਹਾਂ ਨੇ ਮਰਾਠੀ ਭਾਸਾ ਵਿੱਚ ਸਹੁੰ ਚੁੱਕੀ। ਸਹੁੰ ਚੁੱਕਣ ਤੋਂ ਬਾਅਦ ਪ੍ਰਿਅੰਕਾ ਗਾਂਧੀ ਵਾਡਰਾ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਦਾ ਹੱਥ ਜੋੜ ਕੇ ਸਵਾਗਤ ਕੀਤਾ। ਇਸ ਦੇ ਨਾਲ ਹੀ ਪ੍ਰਿਅੰਕਾ ਗਾਂਧੀ ਨੇ ਮੂਹਰਲੀ ਕਤਾਰ ‘ਚ ਬੈਠੇ ਵਿਰੋਧੀ ਧਿਰ ਦੇ ਨੇਤਾਵਾਂ ਦਾ ਵੀ ਹੱਥ ਜੋੜ ਕੇ ਸਵਾਗਤ ਕੀਤਾ ਅਤੇ ਸਦਨ ‘ਚ ਵਿਰੋਧੀ ਧਿਰ ਦੇ ਨੇਤਾ ਅਤੇ ਉਨ੍ਹਾਂ ਦੇ ਭਰਾ ਰਾਹੁਲ ਗਾਂਧੀ ਨੇ ਵੀ ਪ੍ਰਿਅੰਕਾ ਦਾ ਹੱਥ ਜੋੜ ਕੇ ਸਵਾਗਤ ਕੀਤਾ। ਇਹ ਪਹਿਲੀ ਵਾਰ ਹੈ, ਜਦੋਂ ਸੰਸਦ ਵਿੱਚ ਗਾਂਧੀ-ਨਹਿਰੂ ਪਰਿਵਾਰ ਦੇ ਤਿੰਨ ਮੈਂਬਰ ਹੋਣਗੇ। ਪ੍ਰਿਅੰਕਾ ਦੇ ਭਰਾ ਰਾਹੁਲ ਗਾਂਧੀ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਨ ਅਤੇ ਉਨ੍ਹਾਂ ਦੀ ਮਾਂ ਸੋਨੀਆ ਗਾਂਧੀ ਰਾਜ ਸਭਾ ਦੀ ਮੈਂਬਰ ਹੈ। ਪ੍ਰਿਅੰਕਾ ਨੇ ਵਾਇਨਾਡ ਲੋਕ ਸਭਾ ਉਪ ਚੋਣ ਚਾਰ ਲੱਖ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤੀ ਹੈ। ਉਹ ਪਹਿਲੀ ਵਾਰ ਕਿਸੇ ਸਦਨ ਦੀ ਮੈਂਬਰ ਬਣੀ ਹੈ। ਪ੍ਰਿਅੰਕਾ ਗਾਂਧੀ ਨੇ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਰਗਰਮ ਰਾਜਨੀਤੀ ਵਿੱਚ ਪ੍ਰਵੇਸ ਕੀਤਾ ਅਤੇ ਉਦੋਂ ਤੋਂ ਪਾਰਟੀ ਜਨਰਲ ਸਕੱਤਰ ਵਜੋਂ ਸੇਵਾ ਨਿਭਾ ਰਹੀ ਹੈ। ਲੋਕ ਸਭਾ ‘ਚ ਦੋ ਨਵੇਂ ਮੈਂਬਰਾਂ ਦੇ ਸਹੁੰ ਚੁੱਕਣ ਤੋਂ ਬਾਅਦ ਵਿਰੋਧੀ ਧਿਰ ਦੇ ਮੈਂਬਰ ਵੈੱਲ ‘ਚ ਆ ਗਏ ਅਤੇ ਨਾਅਰੇਬਾਜੀ ਸੁਰੂ ਕਰ ਦਿੱਤੀ।

## ਦਿੱਲੀ ਦੇ ਪ੍ਰਸ਼ਾਂਤ ਵਿਹਾਰ ਇਲਾਕੇ ‘ਚ ਧਮਾਕਾ

ਨਵੀਂ ਦਿੱਲੀ 29 ਨਵੰਬਰ। ਦਿੱਲੀ ਦੇ ਪ੍ਰਸ਼ਾਂਤ ਵਿਹਾਰ ਇਲਾਕੇ ‘ਚ ਵੀਰਵਾਰ ਯਾਨੀ ਕਿ ਅੱਜ ਇਕ ਧਮਾਕਾ ਹੋਣ ਦੀ ਖਬਰ ਸਾਹਮਣੇ ਆਈ ਹੈ। ਜਿਸ ਦੀ ਜਾਣਕਾਰੀ ਦਿੱਲੀ ਪੁਲਸ ਨੂੰ ਪੀ. ਸੀ. ਆਰ. ਕਾਲ ਜਰੀਏ ਦਿੱਤੀ ਗਈ। ਧਮਾਕੇ ਦੀ ਸੂਚਨਾ ਮਿਲਣ ਮਗਰੋਂ ਪੁਲਸ ਦੀ ਟੀਮ ਮੌਕੇ ‘ਤੇ ਪਹੁੰਚ ਗਈ। ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਕ ਨਿਊਜ ਏਜੰਸੀ ਮੁਤਾਬਕ ਅੱਜ ਸਵੇਰੇ 11.48 ਵਜੇ ਪੁਲਸ ਨੂੰ ਪ੍ਰਸ਼ਾਂਤ 

# ਵੱਡੇ ਭਰਾ ਨੂੰ ਨੌਜਵਾਨਾਂ ਨੇ ਰਸਤੇ 'ਚ ਘੇਰ ਕੇ ਉਤਾਰਿਆ ਮੌਤ ਦੇ ਘਾਟ, ਹਾਲ ਦੇਖ ਛੋਟਾ ਭਰਾ ਵੀ ਗੁਆ ਬੈਠਾ ਹੋਸ਼

ਜ਼ੀਰਕਪੁਰ 28 ਨਵੰਬਰ। ਜੀਰਕਪੁਰ ਇਲਾਕੇ ਤੋਂ ਇਕ ਸਨਸਨੀਖੇਜ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਘਰ ਨੂੰ ਸਕੂਟਰੀ 'ਤੇ ਜਾ ਰਹੇ 2 ਨੌਜਵਾਨਾਂ 'ਤੇ ਅਣਪਛਾਤੇ ਹਮਲਾਵਰਾਂ ਨੇ ਤਲਵਾਰ ਨਾਲ ਹਮਲਾ ਕਰਦਿਆਂ ਗੰਭੀਰ ਜ਼ਖ਼ਮੀ ਕਰ ਦਿੱਤਾ। ਇਸ ਹਮਲੇ ਕਾਰਨ 35 ਸਾਲਾਂ ਨੌਜਵਾਨ ਦੀ ਮੌਤ ਹੋ ਗਈ, ਜਦਕਿ ਉਸ ਦੇ ਸਾਥੀ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪਹੁੰਚੀ ਪੁਲਸ ਨੇ ਜਾਂਚ ਕੀਤੀ ਤੇ ਮ੍ਰਿਤਕ ਦੇ ਭਰਾ ਦਲਜੀਤ ਸਿੰਘ ਵਾਸੀ ਢਕੋਲੀ ਦੀ ਸ਼ਿਕਾਇਤ 'ਤੇ ਅਣਪਛਾਤੇ ਮੁਲਜਮਾਂ ਖ?ਿਲਾਫ ਕਤਲ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਮ੍ਰਿਤਕ ਦੀ ਪਛਾਣ ਦਿਲਾਵਰ ਸਿੰਘ ਵਾਸੀ ਹਿੰਮਤਗੜ੍ਹ (ਢਕੋਲੀ) ਵਜੋਂ ਹੋਈ ਹੈ ਜੋ ਦਿਹਾੜੀਦਾਰ ਸੀ। ਉਹ ਆਪਣੇ ਪਿੱਛੇ ਪਤਨੀ ਤੇ 7 ਸਾਲ ਦੀ ਬੇਟੀ ਨੂੰ ਛੱਡ ਗਿਆ ਹੈ। ਸ਼ਿਕਾਇਤ 'ਚ ਦਲਜੀਤ ਨੇ ਦੱਸਿਆ ਕਿ ਉਹ ਅੱਧੀ ਰਾਤ ਕਰੀਬ ਸਵਾ 2 ਵਜੇ ਚੰਡੀਗੜ੍ਹ ਤੋਂ ਜ਼ੀਰਕਪੁਰ ਤੋਂ ਹੁੰਦਿਆਂ ਢਕੋਲੀ ਆ ਰਹੇ ਸਨ। ਵੱਡਾ ਭਰਾ ਦਿਲਾਵਰ ਆਪਣੇ ਦੋਸਤ ਸ਼ੁਭਮ ਵਾਸੀ ਕਰਨਾਲ ਨਾਲ ਸਕੂਟਰੀ 'ਤੇ ਸੀ। ਇਸ ਦੌਰਾਨ ਉਹ ਬਲਟਾਣਾ ਪੈਟਰੋਲ ਪੰਪ 'ਤੇ ਸਕੂਟੀ 'ਚ ਹਵਾ ਭਰਾਉਣ ਲਈ ਰੁਕ ਗਿਆ ਤੇ ਦਿਲਾਵਰ ਕਾਫੀ ਅੱਗੇ ਨਿਕਲ ਗਿਆ। ਉਹ ਜਦੋਂ ਬਿਗ ਬਾਜ਼ਾਰ ਮਾਲ ਨੇੜੇ ਪਹੁੰਚੇ ਤਾਂ ਅਚਾਨਕ ਐਕਟਿਵਾ ਸਵਾਰ ਦੋ ਨੌਜਵਾਨਾਂ ਨੇ ਦਿਲਾਵਰ ਨੂੰ ਘੇਰ ਲਿਆ। ਇਸ ਤੋਂ ਬਾਅਦ ਨੌਜਵਾਨਾਂ ਨੇ ਤੇਜ਼ਧਾਰ ਹਥਿਆਰਾਂ ਤੇ ਚਾਕੂ ਨਾਲ ਦਿਲਾਵਰ ਦੀ ਛਾਤੀ ਤੇ ਸ਼ੁਭਮ ਦੀ ਪਿੱਠ 'ਤੇ ਕਈ ਵਾਰ ਕੀਤੇ, ਜਿਸ ਕਾਰਨ ਦੋਵੇਂ ਜ਼ਖਮੀ ਹੋ

ਗਏ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਫਰਾਰ ਹੋ ਗਏ। ਦਿਲਾਵਰ ਕਿਸੇ ਤਰ੍ਹਾਂ ਸਕੂਟਰ ਚਲਾ ਕੇ ਥੋੜ੍ਹਾ ਅੱਗੇ ਤੱਕ ਗਿਆ ਪਰ ਜ਼ਿਆਦਾ ਖੂਨ ਵਹਿਣ ਕਾਰਨ ਉਹ ਸੜਕ 'ਤੇ ਡਿੱਗ ਪਿਆ। ਪਿੱਛੇ ਤੋਂ ਉਹ ਆ ਗਿਆ ਤੇ ਦਿਲਾਵਰ ਦਾ ਸਾਹ ਰੁਕਦਾ ਦੇਖ ਕੇ ਬੇਹੋਸ਼ ਹੋ ਗਿਆ। ਇਸ ਦੌਰਾਨ ਰਾਹਗੀਰ ਨੇ ਮਾਮਲੇ ਦੀ ਸੂਚਨਾ ਪੁਲਸ ਨੂੰ ਦਿੱਤੀ ਤਾਂ ਬਲਟਾਣਾ ਚੌਕੀ ਦੀ ਟੀਮ ਨੇ ਦਿਲਾਵਰ ਤੇ ਸ਼ੁਭਮ ਨੂੰ ਡੇਰਾਬਸੀ ਦੇ ਸਿਵਲ ਹਸਪਤਾਲ ਪਹੁੰਚਾਇਆ। ਡਾਕਟਰਾਂ ਨੇ ਜਾਂਚ ਤੋਂ ਬਾਅਦ ਦਿਲਾਵਰ ਨੂੰ ਮ੍ਰਿਤਕ ਐਲਾਨ ਦਿੱਤਾ ਤੇ ਸ਼ੁਭਮ ਦੀ ਹਾਲਤ ਵਿਗੜਦੀ ਦੇਖ ਕੇ ਉਸ ਨੂੰ ਜੀ.ਐੱਮ.ਸੀ.ਐੱਚ.-32 ਰੈਫਰ ਕਰ ਦਿੱਤਾ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਮ੍ਰਿਤਕ ਦੇ ਛੋਟੇ ਭਰਾ ਦਲਜੀਤ ਦੀ ਸ਼ਿਕਾਇਤ 'ਤੇ 2 ਅਣਪਛਾਤੇ ਮੁਲਜਮਾਂ ਖ਼ਿਲਾਫ਼ ਕਤਲ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਪੋਸਟਮਾਰਟਮ ਕਰਵਾ ਕੇ ਪਰਿਵਾਰਕ ਮੈਂਬਰਾਂ ਨੂੰ ਲਾਸ਼ ਸੌਂਪ ਦਿੱਤੀ ਗਈ ਹੈ।

## ਨਸ਼ੀਲੀਆਂ ਦਵਾਈਆਂ ਦੀ ਤਸਕਰੀ 'ਚ 2 ਦੋਸ਼ੀਆਂ ਨੂੰ 10 ਸਾਲ ਦੀ ਕੈਦ

ਮੋਹਾਲੀ 28 ਨਵੰਬਰ। ਪਾਬੰਦੀਸ਼ੁਦਾ ਨਸ਼ੀਲੀ ਦਵਾਈਆਂ ਦੀ ਬਰਾਮਦਗੀ ਦੇ ਮਾਮਲੇ 'ਚ ਜ਼ਿਲ੍ਹਾ ਅਦਾਲਤ ਨੇ 2 ਦੋਸ਼ੀਆਂ ਨੂੰ 10 ਸਾਲ ਦੀ ਸਜ਼ਾ ਸੁਣਾਈ ਹੈ। ਨਾਲ ਹੀ 1 ਲੱਖ ਰੁਪਏ ਜੁਰਮਾਨਾ ਲਾਇਆ ਹੈ। ਇਨ੍ਹਾਂ ਦੀ ਪਛਾਣ ਗੁਰਪ੍ਰੀਤ ਸਿੰਘ ਤੇ ਪ੍ਰਿੰਸ ਸਿੰਘ ਵਜੋਂ ਹੋਈ ਹੈ। ਮਾਮਲਾ ਦੋ ਸਾਲ ਪਹਿਲਾਂ 19 ਫਰਵਰੀ ਦਾ ਹੈ, ਜਦੋਂ ਅੰਬਾਲਾ-ਚੰਡੀਗੜ੍ਹ ਰੋਡ 'ਤੇ ਸਥਿਤ ਸਟੇਡੀਅਮ ਨੇੜੇ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਪੁਲਸ ਨੇ ਦੋ ਨੌਜਵਾਨਾਂ ਨੂੰ ਸ਼ੱਕੀ ਗਤੀਵਿਧੀਆਂ ਕਾਰਨ ਰੁਕਣ ਦਾ ਇਸ਼ਾਰਾ ਕੀਤਾ ਪਰ ਦੋਵੇਂ ਡਰ ਗਏ ਤੇ ਹੱਥਾਂ ਵਿਚ ਫੜ੍ਹੇ ਲਿਫਾਫੇ ਸੁੱਟ ਕੇ ਭੱਜਣ ਦੀ ਕੋਸ਼ਿਸ਼ ਕਰਨ ਲੱਗੇ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਦੋਹਾਂ ਨੂੰ ਕਾਬੂ ਕਰ ਲਿਆ ਤੇ ਨਾਂ ਪੁੱਛਣ 'ਤੇ ਗੁਰਪ੍ਰੀਤ ਸਿੰਘ ਤੇ ਪ੍ਰਿੰਸ ਸਿੰਘ ਦੱਸਿਆ। ਪੁਲਸ ਨੇ ਲਿਫਾਫਿਆਂ ਦੀ ਤਲਾਸ਼ੀ ਲਈ ਤਾਂ ਨਸ਼ੀਲੀਆਂ ਦਵਾਈਆਂ ਦੀਆਂ 25 ਸ਼ੀਸ਼ੀਆਂ ਤੇ 25 ਨਸ਼ੀਲੇ ਟੀਕੇ ਬਰਾਮਦ ਹੋਏ। ਥਾਣਾ ਲਾਲੜੂ ਦੀ ਪੁਲਸ

## ਸਵਿਟਜਰਲੈਂਡ ਦੀ ਹਵਾਬਾਜੀ ਸੰਘ ਨੇ ਡਾ: ਵਿਵੇਕ ਨੂੰ ਸਨਮਾਨਿਤ ਕੀਤਾ

ਜੈਪੁਰ ਦੇ ਬਾਲ ਰੋਗਾਂ ਦੇ ਮਾਹਿਰ ਡਾ. ਵਿਵੇਕ ਸਰਮਾ ਨੂੰ

ਸਵਿਟਜਰਲੈਂਡ ਦੀ ਐਸੋਸੀਏਸਨ ਉਡਾਨ ਵੱਲੋਂ ਪਛੜੇ ਵਰਗਾਂ ਦੇ ਬੱਚਿਆਂ ਲਈ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਸਾਧਾਰਨ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਐਸੋਸੀਏਸਨ ਦੇ ਇੰਟਰਨੈਸਨਲ ਚੇਅਰਮੈਨ ਅਮਾਂਡੀਨ ਰੋਬਿਨੇਜ ਨੇ ਜੈਪੁਰ ਵਿੱਚ ਆਪਣੇ ਠਹਿਰਾਅ ਦੌਰਾਨ ਡਾ: ਵਿਵੇਕ ਨੂੰ ਉਨ੍ਹਾਂ ਦੇ ਦਫਤਰ ਵਿੱਚ ਪ੍ਰਸ਼ੰਸਾ ਪੱਤਰ ਭੇਟ ਕੀਤਾ। ਅਮੇਡਿਨ ਨੇ ਸਿਹਤ ਸੇਵਾਵਾਂ ਰਾਹੀਂ ਲੋੜਵੰਦ ਲੋਕਾਂ ਪ੍ਰਤੀ ਡਾ.ਵਿਵੇਕ ਦੇ ਸਮਰਪਣ ਦੀ ਸਲਾਘਾ ਕੀਤੀ। ਉਡਾਨ ਸੰਸਥਾ ਸਵਿਟਜਰਲੈਂਡ ਅਤੇ ਯੂਕਰੇਨ ਵਿੱਚ ਬੇਘਰੇ ਲੋਕਾਂ ਲਈ ਕੰਮ ਕਰਦੀ ਹੈ।

## ਬਸਤੀ ਹਿੰਦੁਸਤਾਨੀ 'ਚ 2 ਧੜਿਆਂ 'ਚ ਹੋਏ ਝਗੜੇ ਦੌਰਾਨ ਨੌਜਵਾਨ ਦਾ ਕਤਲ

ਅੰਮ੍ਰਿਤਸਰ 28 ਨਵੰਬਰ। ਥਾਣਾ ਡੀ ਡਵੀਜਨ ਅਧੀਨ ਪੈਂਦੇ ਪਿੰਡ ਲੋਹਗੜ੍ਹ ਨੇੜੇ ਬਸਤੀ ਹਿੰਦੁਸਤਾਨੀ ਵਿਖੇ 2 ਗੁੱਟਾਂ ਦਰਮਿਆਨ ਮਾਮੂਲੀ ਲੜਾਈ ਹੋ ਗਈ। ਦੋਵਾਂ ਵਿਚਾਲੇ ਹੋਈ ਲੜਾਈ ਅਤੇ ਝਗੜੇ ਦੌਰਾਨ ਮਾਮਲਾ ਇੰਨਾ ਵੱਧ ਗਿਆ ਕਿ ਇਕ ਧਿਰ ਦੇ ਲੋਕਾਂ ਨੇ ਪ੍ਰੇਮ ਨਗਰ ਅੰਮ੍ਰਿਤਸਰ ਦੇ ਰਹਿਣ ਵਾਲੇ ਗੌਰਵ ਨਾਂ ਦੇ ਵਿਅਕਤੀ 'ਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਇਸ ਮਾਮਲੇ 'ਚ ਇਕ ਮੁਲਜਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਬੀਤੀ ਸਾਮ ਗੌਰਵ ਨਾਂ ਦੇ ਵਿਅਕਤੀ ਦੀ ਕਿਸੇ ਨਾਲ ਲੜਾਈ ਹੋ ਗਈ। ਇਸ ਦੌਰਾਨ ਗੌਰਵ ਦੀ ਮਾਂ ਮੌਕੇ 'ਤੇ ਪਹੁੰਚ ਗਈ ਅਤੇ ਕੁਝ ਲੋਕਾਂ

ਨੇ ਦਖਲ ਦੇ ਕੇ ਲੜਾਈ ਨੂੰ ਹਟਾਇਆ। ਇਸ ਤੋਂ ਬਾਅਦ ਗੌਰਵ ਦਾ ਇਕ ਦੋਸਤ ਦੂਜੇ ਪਾਸੇ ਚਲਾ ਗਿਆ, ਜਿੱਥੇ ਹੋਰ ਲੋਕ ਵੀ ਉਸ ਨਾਲ ਜੁੜ ਗਏ, ਜਦੋਂ ਉਹ ਅੱਗੇ ਵਧੇ ਤਾਂ ਦੋਵੇਂ ਧੜੇ ਆਹਮੋ-ਸਾਹਮਣੇ ਆ ਗਏ ਅਤੇ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਦੌਰਾਨ ਦੂਜੀ ਧਿਰ ਨੇ ਗੌਰਵ 'ਤੇ ਚਾਕੂਆਂ ਨਾਲ ਹਮਲਾ ਕਰ ਕੇ ਉਸ ਨੂੰ ਬੁਰੀ ਤਰ੍ਹਾਂ ਜਖਮੀ ਕਰ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਚੌਕੀ ਦੁਰਗਿਆਣਾ ਦੇ ਇੰਚਾਰਜ ਸਬ-ਇੰਸਪੈਕਟਰ ਅਜੇ ਕੁਮਾਰ ਸਰਮਾ ਨੇ ਦੱਸਿਆ ਕਿ ਇਸ ਮਾਮਲੇ 'ਚ ਇਕ ਮੁਲਜਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਦੀ ਪਛਾਣ ਦਰਪਣ ਤੰਗੋਤਰਾ ਵਾਸੀ ਸਥਾਨਕ ਗੇਟ ਮਹਾਸਿੰਘ ਵਜੋਂ ਹੋਈ ਹੈ। ਅਧਿਕਾਰੀ ਨੇ ਦੱਸਿਆ ਕਿ ਬਾਕੀ ਫਰਾਰ ਮੁਲਜਮਾਂ ਦੀ ਵੀ ਭਾਲ ਕੀਤੀ ਜਾ ਰਹੀ ਹੈ ਅਤੇ ਬਾਕੀਆਂ ਨੂੰ ਵੀ ਜਲਦ ਹੀ ਕਾਬੂ ਕਰ ਲਿਆ ਜਾਵੇਗਾ।

## ਨੇਤਰਹੀਣ ਮਾਪਿਆਂ ਦਾ ਟੁੱਟਿਆ ਆਖਰੀ ਸਹਾਰਾ, ਵਿਆਹ ਤੋਂ ਕੁਝ ਦਿਨ ਪਹਿਲਾਂ 24 ਸਾਲਾ ਪੁੱਤ ਦੀ ਮੌਤ

ਮੋਗਾ 28 ਨਵੰਬਰ। ਮੋਗਾ ਦੇ ਧਰਮਕੋਟ ਦੇ ਪਿੰਡ ਇੰਦਰਗੜ੍ਹ ਦੇ ਰਹਿਣ ਵਾਲੇ 24 ਸਾਲਾ ਨੌਜਵਾਨ ਮਨਪ੍ਰੀਤ ਦੀ ਸ਼ੱਕੀ ਹਾਲਾਤ ਵਿਚ ਨਸ਼ੇ ਕਾਰਣ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਮਨਪ੍ਰੀਤ ਦੇ ਦੋਸਤਾਂ ਨੇ ਉਸ ਨੂੰ ਨਸਾ ਪਿਆਇਆ, ਜਿਸ ਕਾਰਨ ਉਹ ਬੇਹੋਸ ਹੋ ਗਿਆ ਅਤੇ ਜਮੀਨ 'ਤੇ ਡਿੱਗ ਗਿਆ। ਇਸ ਮਗਰੋਂ ਮਨਪ੍ਰੀਤ ਨੂੰ ਖੇਤ ਵਿਚ ਛੱਡ ਦਿੱਤਾ ਅਤੇ ਮਨਪ੍ਰੀਤ ਦੇ ਘਰ ਨੇੜੇ ਇਕ ਦੁਕਾਨਦਾਰ ਨੂੰ ਦੱਸਿਆ। ਇਸ ਦੌਰਾਨ ਸਵੇਰੇ ਜਦੋਂ ਮਨਪ੍ਰੀਤ ਨਾ ਉਠਿਆ ਤਾਂ ਪਰਿਵਾਰਕ ਮੈਂਬਰ ਉਸ ਨੂੰ ਮੋਗਾ ਦੇ ਸਰਕਾਰੀ ਹਸਪਤਾਲ ਲੈ ਆਏ। ਜਿੱਥੇ ਡਾਕਟਰ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੇ ਚਾਚੇ ਨੇ ਦੱਸਿਆ ਕਿ ਮਨਪ੍ਰੀਤ ਕਰਿਆਨੇ ਦੀ ਦੁਕਾਨ 'ਤੇ ਕੰਮ ਕਰਦਾ ਸੀ। ਉਸ ਦੇ ਮਾਪਿਆਂ ਦੀਆਂ ਅੱਖਾਂ ਦੀ ਰੌਸਨੀ ਨਹੀਂ ਹੈ ਅਤੇ ਵਿਆਹ ਇਕ ਮਹੀਨੇ ਬਾਅਦ ਜਨਵਰੀ ਵਿਚ ਹੋਣਾ ਸੀ। ਦੇਰ ਸਾਮ ਉਸ ਦੇ ਦੋਸਤ ਉਸ ਨੂੰ ਘਰੋਂ ਲੈ ਗਏ। ਪਤਾ ਨਹੀਂ ਉਸ ਨੂੰ ਕਿਹੜਾ ਨਸੀਲਾ ਪਦਾਰਥ ਦਿੱਤਾ ਗਿਆ, ਜਿਸ ਕਾਰਨ ਉਹ ਬੇਹੋਸ ਹੋ ਗਿਆ ਅਤੇ ਉਸ ਨੂੰ ਖੇਤ ਵਿਚ ਛੱਡ ਗਏ। ਇਸ ਤੋਂ ਬਾਅਦ ਗੁਆਂਢ ਦੀ ਦੁਕਾਨ ਵਾਲੇ ਉਨ੍ਹਾਂ ਨੂੰ ਦੱਸਿਆ ਕਿ ਮਨਪ੍ਰੀਤ ਬੇਹੋਸ਼ ਹੈ। ਇਸ ਦੌਰਾਨ ਸਵੇਰੇ ਜਦੋਂ ਮਨਪ੍ਰੀਤ ਨਾ ਉਠਿਆ ਤਾਂ ਪਰਿਵਾਰ ਵਾਲੇ ਉਸ ਨੂੰ ਹਸਪਤਾਲ ਲੈ ਗਏ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪੁੱਤ ਨੂੰ ਮਾਰਿਆ ਗਿਆ ਹੈ। ਉਹ ਸਿਰਫ ਸਰਾਬ ਪੀਂਦਾ ਸੀ ਅਤੇ ਉਹ ਵੀ ਕਦੇ-ਕਦਾਈਂ। ਉਨ੍ਹਾਂ ਨੇ ਉਸਨੂੰ ਕੁਝ ਖੁਆਇਆ ਹੈ, ਜਿਸ ਕਾਰਣ ਉਸ ਦੀ ਮੌਤ ਹੋ ਗਈ। ਇਸ ਮਾਮਲੇ 'ਚ ਥਾਣਾ ਧਰਮਕੋਟ ਦੀ ਪੁਲਸ ਨੇ ਮ੍ਰਿਤਕ ਦੇ ਚਾਚਾ ਸੁਰਜੀਤ ਸਿੰਘ ਦੇ ਬਿਆਨਾਂ 'ਤੇ 3 ਦੋਸਤਾਂ ਖ?ਿਲਾਫ 103, 3 (5) ਬੀ.ਐੱਨ.ਐੱਸ.ਐੱਸ ਤਹਿਤ ਮਾਮਲਾ ਦਰਜ ਕਰ ਲਿਆ ਹੈ ਪਰ ਫਿਲਹਾਲ ਪੁਲਸ ਕੈਮਰੇ ਸਾਹਮਣੇ ਕੁਝ ਨਹੀਂ ਬੋਲ ਰਹੀ।

## ਹਸਪਤਾਲ 'ਚੋਂ ਚੋਰੀ ਹੋਇਆ ਨਵਜੰਮਿਆ ਬੱਚਾ, ਮੱਚੀ ਹਫੜਾ-ਦਫੜੀ

ਸੰਬਲਪੁਰ 28 ਨਵੰਬਰ। ਓਡਿਸ਼ਾ ਦੇ ਸੰਬਲਪੁਰ ਜ?ਿਲ੍ਹੇ ਦੇ ਸਰਕਾਰੀ ਵੀ. ਆਈ. ਐੱਮ. ਐੱਸ. ਏ. ਆਰ. ਹਸਪਤਾਲ 'ਚ ਉਸ ਸਮੇਂ ਸਮੇਂ ਹਫੜਾ-ਦਫੜੀ ਮੱਚ ਗਈ, ਜਦੋਂ ਇਕ ਔਰਤ ਵਲੋਂ ਇਕ ਨਵਜੰਮੇ ਬੱਚੇ ਨੂੰ ਕਥਿਤ ਤੌਰ 'ਤੇ ਚੋਰੀ ਕਰ ਲਿਆ ਗਿਆ। ਇਹ ਬੱਚਾ ਗੁਆਂਢੀ ਰਾਜ ਛੱਤੀਸਗੜ੍ਹ ਦੇ ਮਹਾਸਮੁੰਦ ਜ?ਿਲ੍ਹੇ ਦੇ ਇਕ ਜੋੜੇ ਦਾ ਹੈ। ਇਸ ਦਾ ਜਨਮ ਸੋਮਵਾਰ ਨੂੰ ਹਸਪਤਾਲ 'ਚ ਹੋਇਆ ਸੀ। ਚੋਰੀ ਦੀ ਘਟਨਾ ਮੰਗਲਵਾਰ ਦੁਪਹਿਰ ਨੂੰ ਉਸ ਸਮੇਂ ਵਾਪਰੀ, ਜਦੋਂ ਜੋੜਾ ਆਪਣੇ ਬੱਚੇ ਨੂੰ ਪਰਿਵਾਰ ਦੇ ਇਕ ਮੈਂਬਰ ਨੂੰ ਸੌਂਪ ਕੇ ਸੈਰ ਕਰਨ ਲਈ ਬਾਹਰ ਗਿਆ ਸੀ। ਦੱਸ ਦੇਈਏ ਕਿ ਇਸ ਘਟਨਾ ਦੀ ਸੂਚਨਾ ਪਰਿਵਾਰ ਨੇ ਪੁਲਸ ਨੂੰ ਦਿੱਤੀ। ਹਸਪਤਾਲ ਵਿਚ ਲਾਪਤਾ ਹੋਏ ਬੱਚੇ ਦੀ ਮਾਸੀ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ ਬੱਚੇ ਨੂੰ ਇਕ ਔਰਤ ਨੂੰ ਸੌਂਪ ਦਿੱਤਾ ਸੀ, ਜੋ ਪਹਿਲਾਂ ਉਨ੍ਹਾਂ ਦੇ ਬੈੱਡ ਕੋਲ ਬੈਠੀ ਸੀ। ਪੁਲਸ ਨੇ ਦੱਸਿਆ ਕਿ 'ਸੀ. ਸੀ. ਟੀ. ਵੀ. ਫੁਟੇਜ' ਤੋਂ ਸਾਫ ਦਿਖਾਈ ਦੇ ਰਿਹਾ ਹੈ ਕਿ ਇਕ ਅਣਪਛਾਤੀ ਔਰਤ ਬੱਚੇ ਨੂੰ ਹਸਪਤਾਲ ਤੋਂ ਚੋਰੀ ਕਰਕੇ ਲੈ ਕੇ ਜਾ ਰਹੀ ਸੀ।

## ਵਿਕਾਸ ਗ੍ਰਾਂਟ ਦੇ ਜਾਰੀ ਕਰਨ ਬਦਲੇ ਮੰਗੀ ਰਿਸ਼ਵਤ, ਵਿਜੀਲੈਂਸ ਬਿਊਰੋ ਨੇ ਰੰਗੇ ਹੱਥੀਂ ਕੀਤਾ ਕਾਬੂ

ਅੰਮ੍ਰਿਤਸਰ/ਚੰਡੀਗੜ੍ਹ/ਜਲੰਧਰ 28 ਨਵੰਬਰ। ਵਿਜੀਲੈਂਸ ਬਿਊਰੋ ਨੇ ਅੰਮ੍ਰਿਤਸਰ ਬਲਾਕ ਵੇਰਕਾ 'ਚ ਬਤੌਰ ਪੰਚਾਇਤ ਅਫਸਰ ਅਤੇ ਪ੍ਰਸਾਸਕ ਤਾਇਨਾਤ ਗੁਰਿੰਦਰ ਸਿੰਘ ਗਰੋਵਰ ਨੂੰ 24 ਹਜਾਰ ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਹੈ ਅਤੇ ਉਸ ਖਿਲਾਫ ਭ੍ਰਿਸਟਾਚਾਰ ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਅੰਮ੍ਰਿਤਸਰ ਰੇਂਜ ਦੇ ਐੱਸ.ਐੱਸ.ਪੀ. ਗੁਰਸੇਵਕ ਸਿੰਘ ਬਰਾੜ ਨੇ ਦੱਸਿਆ ਕਿ ਉਕਤ ਮੁਲਜਮ ਨੂੰ ਅੰਮ੍ਰਿਤਸਰ ਜ?ਿਲ੍ਹੇ ਦੇ ਕੱਥੂਨੰਗਲ ਬਲਾਕ ਦੇ ਪਿੰਡ ਮਾਹਣੀਆਂ ਕੁਹਾਰਾ ਦੇ ਰਹਿਣ ਵਾਲੇ ਜੋਗਿੰਦਰ

ਸਿੰਘ ਦੀ ਸ?ਿਕਾਇਤ 'ਤੇ ਕਾਬੂ ਕੀਤਾ ਗਿਆ ਹੈ। ਜੋਗਿੰਦਰ ਸਿੰਘ ਨੇ ਵਿਜੀਲੈਂਸ ਨੂੰ ਦੱਸਿਆ ਕਿ ਉਹ 2019-2024 ਤੱਕ ਪਿੰਡ ਮੈਹਣੀਆਂ ਕੁਹਾਰਾ ਦਾ ਸਰਪੰਚ ਸੀ ਅਤੇ ਉਸ ਨੂੰ ਕੇਂਦਰ ਅਤੇ ਸੂਬਾ ਸਰਕਾਰਾਂ ਤੋਂ ਵਿਕਾਸ ਗ੍ਰਾਂਟਾਂ ਮਿਲੀਆਂ ਹੋਈਆਂ ਸੀ। ਮੁਲਜਮ ਪੰਚਾਇਤ ਅਧਿਕਾਰੀ ਨੇ ਪਹਿਲਾਂ ਉਸ ਦੇ ਖਾਤੇ 'ਚ 1 ਲੱਖ 27 ਹਜਾਰ ਰੁਪਏ ਟਰਾਂਸਫਰ ਕੀਤੇ ਅਤੇ ਬਾਅਦ 'ਚ ਨਕਦੀ ਲੈ ਲਈ। ਸ?ਿਕਾਇਤਕਰਤਾ ਨੇ ਦੋਸ ਲਾਇਆ ਕਿ ਹੁਣ ਪੰਚਾਇਤ ਅਧਿਕਾਰੀ 12 ਲੱਖ 50 ਹਜਾਰ ਰੁਪਏ ਦੀ ਵਿਕਾਸ ਗ੍ਰਾਂਟ ਦੇ ਯੂਜਰ ਸਰਟੀਫਿਕੇਟ (ਯੂ.ਸੀ.) ਜਾਰੀ ਕਰਨ ਦੇ ਬਦਲੇ 2 ਫੀਸਦੀ ਰਿਸਵਤ ਵਜੋਂ 24 ਹਜਾਰ ਰੁਪਏ ਦੀ ਮੰਗ ਕਰ ਰਿਹਾ ਹੈ। ਵਿਜੀਲੈਂਸ ਬਿਊਰੋ ਅੰਮ੍ਰਿਤਸਰ ਨੇ ਮਿਲੀ ਸ?ਿਕਾਇਤ 'ਤੇ ਉਕਤ ਮੁਲਜਮ ਨੂੰ 2 ਸਰਕਾਰੀ ਗਵਾਹਾਂ ਦੀ ਹਾਜਰੀ 'ਚ ਸ?ਿਕਾਇਤਕਰਤਾ ਜੋਗਿੰਦਰ ਸਿੰਘ ਪਾਸੋਂ 24 ਹਜਾਰ ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਵਿਜੀਲੈਂਸ ਅਨੁਸਾਰ ਗ੍ਰਿਫਤਾਰ ਮੁਲਜਮ ਨੂੰ ਅਦਾਲਤ 'ਚ ਪੇਸ ਕਰ ਕੇ ਰਿਮਾਂਡ 'ਤੇ ਲਿਆ ਜਾਵੇਗਾ।

## ਇੰਟਰਨੈੱਟ ਸੇਵਾਵਾਂ 'ਤੇ ਲੱਗੀ ਰੋਕ ਦੋ ਦਿਨਾਂ ਲਈ ਵਧਾਈ ਗਈ

ਇੰਫਾਲ 28 ਨਵੰਬਰ। ਮਣੀਪੁਰ ਸਰਕਾਰ ਨੇ 7 ਜ?ਿਲ੍ਹਿਆਂ 'ਚ ਮੋਬਾਈਲ ਇੰਟਰਨੈੱਟ ਸੇਵਾਵਾਂ 'ਤੇ ਲੱਗੀ ਰੋਕ ਸ਼ਨੀਵਾਰ ਨੂੰ ਦੋ ਦਿਨ ਲਈ ਹੋਰ ਵਧਾ ਦਿੱਤੀ

## ਪੇਪਰ ਦੀ ਟੈਂਸ਼ਨ ਨੂੰ ਲੈ ਕੇ ਨੌਜਵਾਨ ਨੇ ਲਿਆ ਫਾਹਾ, ਬੀ. ਏ. ਫਾਈਨਲ ਈਅਰ ਦਾ ਵਿਦਿਆਰਥੀ ਸੀ ਮ੍ਰਿਤਕ

ਅਬੋਹਰ 28 ਨਵੰਬਰ। ਸਥਾਨਕ ਈਦਗਾਹ ਬਸਤੀ ਦੇ ਰਹਿਣ ਵਾਲੇ ਇਕ ਨੌਜਵਾਨ ਨੇ ਬੀਤੀ ਰਾਤ ਪੇਪਰ ਦੀ ਟੈਂਸ਼ਨ ਨੂੰ ਲੈ ਕੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਹੈ। ਜਾਣਕਾਰੀ ਅਨੁਸਾਰ ਚਿਰਾਗ ਪੁੱਤਰ ਨੰਦ ਲਾਲ ਮਲੋਟ ਦੇ ਇਕ ਪ੍ਰਾਈਵੇਟ ਕਾਲਜ 'ਚ ਪੜ੍ਹਾਈ ਕਰ ਰਿਹਾ ਸੀ ਅਤੇ ਬੀ. ਏ. ਫਾਈਨਲ ਈਅਰ ਦਾ ਵਿਦਿਆਰਥੀ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਅੱਜ ਉਸ ਦਾ ਪੇਪਰ ਹੋਣਾ ਸੀ ਪਰ ਉਹ ਪਿਛਲੇ 10-15 ਦਿਨਾਂ ਤੋਂ ਪੇਪਰ ਨੂੰ ਲੈ ਕੇ ਪ੍ਰੇਸ਼ਾਨ ਸੀ। ਬੀਤੀ ਸ਼ਾਮ ਉਹ ਕਮਰੇ 'ਚ ਪੜ੍ਹਾਈ ਕਰਨ ਦਾ ਕਹਿ ਕੇ ਕਮਰੇ 'ਚ ਚਲਾ ਗਿਆ ਜਦੋਂ ਕੁਝ

ਦੇਰ ਬਾਅਦ ਉਸ ਦੇ ਪਰਿਵਾਰਕ ਮੈਂਬਰ ਉਸ ਨੂੰ ਚਾਹ ਦੇਣ ਆਏ ਤਾਂ ਉਨ੍ਹਾਂ ਦੇਖਿਆ ਕਿ ਉਹ ਕਮਰੇ 'ਚ ਫਾਹੇ ਨਾਲ ਲਟਕ ਰਿਹਾ ਸੀ, ਜਿਸ 'ਤੇ ਉਹ ਤੁਰੰਤ ਉਸ ਨੂੰ ਸਰਕਾਰੀ ਹਸਪਤਾਲ ਲੈ ਕੇ ਆਏ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸਿਟੀ ਥਾਣਾ ਨੰਬਰ-1 ਦੀ ਪੁਲਸ ਨੇ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਹਸਪਤਾਲ ਦੇ ਮੁਰਦਾਘਰ 'ਚ ਰਖਵਾਉਂਦੇ ਹੋਏ ਉਸ ਦੇ ਚਾਚਾ ਜਗਦੀਸ਼ ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 194 ਬੀ. ਐੱਨ. ਐੱਸ. ਤਹਿਤ ਕਾਰਵਾਈ ਕੀਤੀ ਹੈ।

## ਭਿਆਨਕ ਹਾਦਸੇ ਦੌਰਾਨ 22 ਸਾਲਾ ਨੌਜਵਾਨ ਦੀ ਮੌਤ

ਜਲਾਲਾਬਾਦ 28 ਨਵੰਬਰ। ਫ਼ਾਜ਼ਿਲਕਾ-ਫ਼ਿਰੋਜ਼ਪੁਰ ਰੋਡ 'ਤੇ ਸਥਿਤ ਸਕੂਲ ਦੇ ਕੋਲ ਵਾਪਰੇ ਦਰਦਨਾਕ ਸੜਕ ਹਾਦਸੇ 'ਚ ਇੱਕ 22 ਸਾਲਾ ਨੌਜਵਾਨ ਦੀ ਮੌਤ ਹੋਣ ਦੀ ਖਬਰ ਪ੍ਰਾਪਤ ਹੋਈ ਹੈ। ਜਾਣਕਾਰੀ ਦੇ ਅਨੁਸਾਰ ਕਿਸੇ ਅਣਪਛਾਤੇ ਤੇਜ਼ ਵ੍ਹੀਕਲ ਦੇ ਨਾਲ ਨੌਜਵਾਨ ਦੀ ਟੱਕਰ ਹੋਣ ਕਾਰਨ ਉਸ ਦੀ ਮੌਤ ਹੋ ਗਈ। ਸਵੇਰੇ ਸਮੇਂ ਸੈਰ ਕਰਨ ਲਈ ਇਕ ਵਿਅਕਤੀ ਇਸ ਪਾਸੇ ਵੱਲ ਆ ਰਿਹਾ ਸੀ। ਉਸਨੇ ਦੇਖਿਆ ਕਿ ਇੱਕ ਨੌਜਵਾਨ ਦੀ ਲਾਸ਼ ਮੁੱਖ ਹਾਈਵੇ 'ਤੇ ਪਈ ਹੋਈ ਹੈ ਤਾਂ ਉਸ ਨੇ ਥਾਣਾ ਅਮੀਰ ਖਾਸ ਦੀ ਪੁਲਸ ਇਤਲਾਹ ਦਿੱਤੀ। ਮੌਕੇ 'ਤੇ ਪੁੱਜ ਕੇ ਪੁਲਸ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਦੀ ਸ਼ਨਾਖਤ ਕਰਵਾਈ ਤਾਂ ਉਸ ਦੀ ਪਛਾਣ ਬੂਟਾ ਸਿੰਘ (22) ਪੁੱਤਰ ਬੰਤਾ ਸਿੰਘ ਵਾਸੀ ਪਿੰਡ ਨੂਰੇ ਕੇ ਵਜੋਂ ਹੋਈ ਹੈ। ਥਾਣਾ ਅਮੀਰ ਖਾਸ ਪੁਲਸ ਦੇ ਤਫਤੀਸ਼ੀ ਅਧਿਕਾਰੀ ਮੁਖਤਿਆਰ ਸਿੰਘ ਨੇ

ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਸਵੇਰੇ ਥਾਣਾ 'ਚ ਸੂਚਨਾ ਪ੍ਰਾਪਤ ਹੋਈ ਸੀ ਸਕੂਲ ਦੇ ਨਜਦੀਕ ਸੜਕ ਦੇ ਵਿਚਕਾਰ ਇੱਕ ਨੌਜਵਾਨ ਦੀ ਲਾਸ਼ ਪਈ ਹੋਈ ਹੈ।

## ਬੇਰਹਿਮੀ ਨਾਲ ਵੱਢੇ ਗਏ ਨੌਜਵਾਨਾਂ ਦੇ ਮਾਮਲੇ 'ਚ ਆਇਆ ਨਵਾਂ ਮੋੜ, ਪੁਲਸ ਨੇ 6 ਘੰਟਿਆਂ 'ਚ ਸੁਲਝਾ ਲਈ ਗੁੱਥੀ

ਅਬੋਹਰ 28 ਨਵੰਬਰ। ਥਾਣਾ ਪੁਲਸ ਦੀਆਂ ਵੱਖ-ਵੱਖ ਟੀਮਾਂ ਦੇ ਸਾਂਝੇ ਯਤਨਾਂ ਸਦਕਾ ਸ਼ਹਿਰ ਦੇ ਜੇ.ਪੀ. ਪਾਰਕ 'ਚ ਬੈਠੇ ਨੌਜਵਾਨਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਇਕ ਨੌਜਵਾਨ ਦਾ ਕਤਲ ਅਤੇ ਦੂਜੇ ਨੂੰ ਅੱਧਮਰਾ ਕਰ ਕੇ ਸੁੱਟ ਦੇਣ ਦੀ ਗੁੱਥੀ ਸਿਰਫ 6 ਘੰਟੇ 'ਚ ਸੁਲਝਾ ਕੇ ਵੱਡੀ ਸਫਲਤਾ ਪ੍ਰਾਪਤ ਕੀਤੀ। ਜ਼ਿਲ੍ਹਾ ਪੁਲਸ ਕਪਤਾਨ ਵਰਿੰਦਰ ਸਿੰਘ ਬਰਾੜ ਦੀਆਂ ਹਦਾਇਤਾਂ 'ਤੇ ਥਾਣਾ ਅਬੋਹਰ ਦੀਆਂ ਪੁਲਸ ਟੀਮਾਂ ਨੇ ਵੱਖ-ਵੱਖ ਸੂਤਰਾਂ ਰਾਹੀਂ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਚਾਰ ਨੌਜਵਾਨਾਂ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਕਤਲ ਦਾ ਕਾਰਨ ਨੌਜਵਾਨਾਂ ਦੀ ਆਪਸੀ ਰੰਜਿਸ਼ ਦੱਸਿਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਪੁਲਸ ਉਪ ਕਪਤਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਰਵੀ ਖੰਨਾ ਦੀ ਦੁਰਗਾ ਨਗਰੀ ਗਲੀ ਨੰ. 2 ਵਾਸੀ ਰਾਹੁਲ ਉਰਫ ਬੋਨਾ ਪੁੱਤਰ ਜੀਤਾ ਸਿੰਘ, ਨਵੀਂ ਅਬਾਦੀ ਗਲੀ ਨੰ. 18 ਵਾਸੀ ਰੋਹਿਤ ਪੁੱਤਰ ਅਸ਼ੋਕ ਕੁਮਾਰ, ਆਰੀਆ ਨਗਰੀ ਵਾਸੀ ਅਮਨ ਪੁੱਤਰ ਹੰਸਰਾਜ ਅਤੇ ਮਨੀ ਉਰਫ ਗੁੱਗਾ ਪੁੱਤਰ ਰਾਜੂ ਵਾਸੀ ਨਵੀ ਆਬਾਦੀ ਨਾਲ ਪੁਰਾਣੀ ਦੁਸ਼ਮਣੀ ਚੱਲ ਰਹੀ ਸੀ। ਬੀਤੀ ਰਾਤ ਰਵੀ ਅਤੇ ਉਸ ਦਾ ਦੋਸਤ ਵਿਕਰਮ ਜੇ.ਪੀ. ਪਾਰਕ 'ਚ ਬੈਠੇ ਸ਼ਰਾਬ ਪੀ ਰਹੇ ਸਨ। ਇਸ ਗੱਲ ਦਾ ਪਤਾ ਲੱਗਦਿਆਂ ਹੀ ਰਵੀ ਨਾਲ ਰੰਜਿਸ਼ ਰੱਖਣ ਵਾਲੇ ਚਾਰ ਨੌਜਵਾਨਾਂ ਨੇ ਰਾਤ ਕਰੀਬ ਸਾਢੇ 10 ਵਜੇ ਤੇਜ਼ਧਾਰ ਹਥਿਆਰਾਂ ਨਾਲ ਪਾਰਕ 'ਚ ਪਹੁੰਚ ਕੇ ਰਵੀ 'ਤੇ ਬੇਰਹਿਮੀ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਦੋਂ ਵਿਕਰਮ ਉਥੋਂ ਭੱਜਣ ਲੱਗਾ ਤਾਂ ਹਮਲਾਵਰਾਂ ਨੇ ਉਸ 'ਤੇ ਕਈ ਵਾਰ ਹਮਲਾ ਕੀਤਾ ਅਤੇ ਉਸ ਨੂੰ ਅੱਧਮਰਿਆ ਛੱਡ ਕੇ ਫਰਾਰ ਹੋ ਗਏ। ਫਿਲਹਾਲ ਥਾਣਾ ਨੰ. 2 ਦੀ ਪੁਲਸ ਨੇ ਉਕਤ ਚਾਰ ਨੌਜਵਾਨਾਂ ਖਿਲਾਫ ਕਤਲ ਦਾ ਮਾਮਲਾ ਦਰਜ ਕਰ ਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਛੋਟੇ ਸਿਲੰਡਰ 'ਚ ਵੱਧ ਗੈਸ ਭਰਨ ਕਾਰਨ ਹੋਇਆ ਧਮਾਕਾ

ਮੋਹਾਲੀ 28 ਨਵੰਬਰ। ਫੇਜ਼-1 ਥਾਣਾ ਖੇਤਰ ਅਧੀਨ ਪੈਂਦੇ ਪਿੰਡ ਮੋਹਾਲੀ 'ਚ ਦੁਕਾਨ 'ਚ 5 ਕਿੱਲੋ ਦਾ ਗੈਸ ਸਿਲੰਡਰ ਮੰਗਲਵਾਰ ਦੁਪਹਿਰ ਕਰੀਬ 12 ਵਜੇ ਅਚਾਨਕ ਫਟਣ ਨਾਲ ਹਫੜਾ-ਦਫੜੀ ਮਚ ਗਈ। ਧਮਾਕੇ ਨਾਲ ਸਿਲੰਡਰ ਉੱਡ ਕੇ ਦੁਕਾਨ ਦੇ ਲੋਹੇ ਦੇ ਦਰਵਾਜ਼ੇ ਨਾਲ ਜਾ ਟਕਰਾਇਆ। ਸਿਲੰਡਰ ਦੇ ਵੱਜਦੇ ਹੀ ਦਰਵਾਜ਼ਾ ਉਖੜ ਕੇ ਕਰੀਬ 50 ਫੁੱਟ ਉੱਡਦਾ ਹੋਇਆ ਗਲੀ 'ਚ ਜਾ ਡਿੱਗਿਆ। ਇਸ ਦੌਰਾਨ ਕੋਲੋਂ ਲੰਘ ਰਹੀ ਔਰਤ ਤੇ ਦੁਕਾਨਦਾਰ ਸਾਗਰ ਜ਼ਖਮੀ ਹੋ ਗਿਆ। ਉਨ੍ਹਾਂ ਨੂੰ ਇਲਾਜ ਲਈ ਫੇਜ਼-6 ਸਥਿਤ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਸਾਗਰ ਨਾਜਾਇਜ ਤੌਰ 'ਤੇ ਦੁਕਾਨ 'ਚ ਵੱਡੇ ਸਿਲੰਡਰਾਂ 'ਚੋਂ ਗੈਸ ਕੱਢ ਕੇ ਛੋਟੇ ਸਿਲੰਡਰਾਂ 'ਚ ਭਰ ਕੇ ਵੇਚਦਾ ਸੀ। ਹਾਦਸੇ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੀ ਪੁਲਸ ਨੇ ਜਾਂਚ ਤੋਂ ਬਾਅਦ ਦੁਕਾਨਦਾਰ ਖਿ?ਲਾਫ ਕਾਰਵਾਈ ਸ਼ੁਰੂ ਕਰ ਦਿੱਤੀ।

## ਸਕੂਲ ਤੋਂ ਘਰ ਆ ਕੇ ਨਾਬਾਲਗ ਕੁੜੀ ਨੇ ਚੁੱਕਿਆ ਖੌਫਨਾਕ ਕਦਮ

ਜਲੰਧਰ 28 ਨਵੰਬਰ। ਜਲੰਧਰ ਸਹਿਰ 'ਚ 14 ਸਾਲਾ ਕੁੜੀ ਵੱਲੋਂ ਖੁਦਕੁਸੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਸਹਿਰ ਦੇ ਅਬਾਦਪੁਰਾ ਇਲਾਕੇ 'ਚ 14 ਸਾਲਾ ਕੁੜੀ ਨੇ ਆਪਣੇ ਘਰ 'ਚ ਹੀ ਸੱਕੀ ਹਾਲਾਤ 'ਚ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ। ਮ੍ਰਿਤਕ ਕੁੜੀ ਦੀ ਪਛਾਣ ਦਯਾਵੰਤੀ ਪੁੱਤਰੀ ਸਾਂਤੂ ਰਾਮ ਵਾਸੀ ਅਬਾਦਪੁਰਾ ਵਜੋਂ ਹੋਈ ਹੈ। ਉਹ ਸਰਕਾਰੀ ਸਕੂਲ ਦੀ ਵਿਦਿਆਰਥਣ ਸੀ, ਜੋ ਸਕੂਲ ਤੋਂ ਘਰ ਆਈ ਅਤੇ ਆਪਣੇ ਕਮਰੇ ਵਿੱਚ ਜਾ ਕੇ ਖੁਦਕੁਸੀ ਕਰ ਲਈ। ਘਟਨਾ ਤੋਂ ਬਾਅਦ ਪੂਰੇ ਇਲਾਕੇ 'ਚ ਸਨਸਨੀ ਫੈਲ ਗਈ।ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਨੰ. 6 ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜੇ 'ਚ ਲੈ ਕੇ ਅਗਲੇਰੀ ਕਾਰਵਾਈ ਜਾਰੀ ਹੈ। ਫਿਲਹਾਲ ਕੁੜੀ ਨੇ ਇਹ ਖੌਫਨਾਕ ਕਦਮ ਕਿਉਂ ਚੁੱਕਿਆ ਇਸ ਦਾ ਕਾਰਨ ਅਜੇ ਤੱਕ ਸਾਹਮਣੇ ਨਹੀਂ ਆਇਆ ਹੈ ਪਰ ਪੁਲਸ ਵੱਲੋਂ ਜਾਂਚ ਜਾਰੀ ਹੈ।

## ਪੰਜਾਬ ਪੁਲਸ ਦੇ 2 ਮੁਲਾਜਮਾਂ 'ਤੇ ਪਰਚਾ ਦਰਜ, ਚੋਰੀ ਦੇ ਮਾਮਲੇ ਨੂੰ ਲੈ ਕੇ ਲੱਗੇ ਦੋਸ਼

ਲੁਧਿਆਣਾ 28 ਨਵੰਬਰ। ਚੋਰੀ ਦੇ ਮਾਮਲੇ ਵਿਚ ਅਦਾਲਤ ਵਿਚ ਚਾਲਾਨ ਪੇਸ਼ ਨਾ ਕਰ ਸਾਮਾਨ ਖੁਰਦ-ਬੁਰਦ ਕਰਨ ਦੇ ਦੋਸ਼ ਵਿਚ ਥਾਣਾ ਫੋਕਲ ਪੁਆਇੰਟ ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਸੁਰਜੀਤ ਕੁਮਾਰ ਦੇ ਬਿਆਨਾਂ 'ਤੇ ਸਬ ਇੰਸਪੈਕਟਰ ਸੰਦੀਪ ਕੁਮਾਰ ਤੇ ਸੇਵਾ ਮੁਕਤ ਸਬ ਇੰਸਪੈਕਟਰ ਭੂਪਿੰਦਰ ਸਿੰਘ ਨੂੰ ਨਾਮਜਦ ਕੀਤਾ ਹੈ। ਜਾਣਕਾਰੀ ਮੁਤਾਬਕ ਸਾਲ 2014 ਵਿਚ ਤਤਕਾਲੀ ਸਬ ਇੰਸਪੈਕਟਰ ਭੂਪਿੰਦਰ ਸਿੰਘ ਅਤੇ ਹੈੱਡ ਕਾਂਸਟੇਬਲ ਸੰਦੀਪ ਕੁਮਾਰ (ਹੁਣ ਸਬ-ਇੰਸਪੈਕਟਰ) ਵੱਲੋਂ ਅਮਨਦੀਪ ਦੇ ਖਿ?ਲਾਫ ਮਾਮਲਾ ਦਰਜ ਕੀਤਾ ਗਿਆ ਸੀ। ਇਹ ਮਾਮਲਾ ਮੁਖਬਰ ਦੀ ਸੂਚਨਾ 'ਤੇ ਦਰਜ ਕੀਤਾ ਗਿਆ ਸੀ। ਅਮਨਦੀਪ ਵੱਲੋਂ ਹਾਈ ਕੋਰਟ ਵਿਚ ਰਿੱਟ ਲਗਾਈ ਗਈ ਸੀ। ਇਸ ਤੋਂ ਇਲਾਵਾ ਇਕ ਹੋਰ ਮਾਮਲਾ ਵੀ ਦਰਜ ਹੋਇਆ ਸੀ। ਪਰ ਡਿਊਟੀ 'ਤੇ ਰਹਿੰਦੇ ਹੋਏ ਉਕਤ ਪੁਲਸ ਮੁਲਾਜਮਾਂ ਵੱਲੋਂ ਰਿਕਾਰਡ ਮੁਤਾਬਕ ਕੋਰਟ ਵਿਚ ਚਲਾਨ ਪੇਸ਼ ਨਾ ਕਰ ਕੇ ਸਾਮਾਨ ਨੂੰ ਖੁਰਦ-ਬੁਰਦ ਕੀਤਾ ਗਿਆ। ਮਾਮਲੇ ਨੂੰ ਲੈ ਕੇ ਕਾਰਵਾਈ ਕੀਤੀ ਜਾ ਰਹੀ ਹੈ।

## ਬਠਿੰਡਾ ਦੇ ਏਅਰਪੋਰਟ 'ਤੇ ਜਾਂਚ ਦੌਰਾਨ ਯਾਤਰੀਆਂ ਦਾ ਬੈਗ ਦੇਖ ਹੈਰਾਨ ਰਹਿ ਗਏ ਮੁਲਾਜਮ

ਬਠਿੰਡਾ 28 ਨਵੰਬਰ। ਪਿੰਡ ਵਿਰਕ ਕਲਾਂ 'ਚ ਸਥਿਤ ਅੰਤਰਰਾਜੀ ਏਅਰਪੋਰਟ ਵਿਚ ਦਾਖਲ ਹੋਏ ਦੋ ਯਾਤਰੀਆਂ ਦੇ ਬੈਗ ਦੀ ਜਾਂਚ ਦੌਰਾਨ ਇਕ ਜਿੰਦਾ ਗੋਲੀ ਅਤੇ 2 ਖੋਲ ਬਰਾਮਦ ਹੋਏ ਹਨ। ਏਅਰਪੋਰਟ ਕਰਮਚਾਰੀਆਂ ਨੇ ਇਹ ਗੋਲੀ ਅਤੇ ਖੋਲ ਮਿਲਣ ਤੋਂ ਬਾਅਦ ਦੋਵੇਂ ਯਾਤਰੀਆਂ, ਵਿਕਰਮ ਸਿੰਘ ਅਤੇ ਗੁਰਵਿੰਦਰ ਸਿੰਘ ਨਿਵਾਸੀ ਪਿੰਡ ਜਮਾਲਗੜ੍ਹ ਜਿ?ਲ੍ਹਾ ਫਾਜਿ?ਲਕਾ ਨੂੰ ਥਾਣਾ ਸਦਰ ਪੁਲਸ ਦੇ ਹਵਾਲੇ ਕਰ ਦਿੱਤਾ। ਥਾਣਾ ਸਦਰ ਪੁਲਸ ਨੇ ਏਅਰਪੋਰਟ 'ਤੇ ਤੈਨਾਤ ਸੁਰੱਖਿਆ ਮੁਲਾਜਮ ਇੰਦਰਜੀਤ ਸਿੰਘ ਦੇ ਬਿਆਨ 'ਤੇ ਦੋਵੇਂ ਮੁਲਜਮਾਂ ਵਿਰੁੱਧ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਥਾਣਾ ਸਦਰ ਦੇ ਏ. ਐੱਸ. ਆਈ. ਮੰਦਰ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਵਿਕਰਮ ਸਿੰਘ ਅਤੇ ਗੁਰਵਿੰਦਰ ਸਿੰਘ ਨੇ ਦਿੱਲੀ ਜਾਣ ਲਈ ਬਠਿੰਡਾ ਏਅਰਪੋਰਟ ਤੋਂ ਫਲਾਈਟ ਫੜਨੀ ਸੀ। ਦੋਵੇਂ ਵਿਅਕਤੀ ਜਦੋਂ ਏਅਰਪੋਰਟ ਵਿਚ ਦਾਖਲ ਹੋਏ ਤਾਂ ਉਨ੍ਹਾਂ ਦੇ ਹੈਂਡ ਬੈਗ ਦੀ ਜਾਂਚ ਕੀਤੀ ਗਈ। ਜਾਂਚ ਦੌਰਾਨ ਬੈਗ 'ਚੋਂ 32 ਬੋਰ ਦੇ ਦੋ ਖੋਲ ਅਤੇ ਇਕ ਜਿੰਦਾ ਗੋਲੀ ਬਰਾਮਦ ਕੀਤੀ ਗਈ। ਪੁਲਸ ਅਨੁਸਾਰ ਦੋਵੇਂ ਵਿਅਕਤੀ ਕਾਰ ਬਜਾਰ ਦੇ ਕਾਰੋਬਾਰ ਨਾਲ ਜੁੜੇ ਹਨ ਅਤੇ ਆਪਣੇ ਕਾਰੋਬਾਰ ਲਈ ਬਠਿੰਡਾ ਤੋਂ ਫਲਾਈਟ ਰਾਹੀਂ ਦਿੱਲੀ ਜਾਣ ਵਾਲੇ ਸਨ। ਏਐੱਸਆਈ ਨੇ ਦੱਸਿਆ ਕਿ ਦੋਵਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ। ਪੁਲਸ ਦੀ ਮੁੱਢਲੀ ਜਾਂਚ ਦੌਰਾਨ ਦੋਵਾਂ ਨੇ ਦੱਸਿਆ ਕਿ ਗਲਤੀ ਨਾਲ ਉਹ ਗੋਲੀਆਂ ਉਨ੍ਹਾਂ ਦੇ ਬੈਗ ਵਿਚ ਰਹਿ ਗਈਆਂ ਸਨ। ਫਿਲਹਾਲ ਪੁਲਸ ਵਲੋਂ ਸਾਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

## ਸੂਬੇ ਦੇ ਪੈਨਸ਼ਨਧਾਰਕਾਂ ਲਈ ਖੁਸ਼ਖਬਰੀ, ਹੋ ਗਿਆ ਇਹ ਵੱਡਾ ਐਲਾਨ

ਚੰਡੀਗੜ੍ਹ/ਅੰਮ੍ਰਿਤਸਰ 28 ਨਵੰਬਰ। ਸੂਬੇ ਦੇ ਉਨ੍ਹਾਂ ਪੈਨਸ਼ਨ ਧਾਰਕਾਂ ਲਈ ਚੰਗੀ ਖਬਰ ਹੈ, ਜਿਨ੍ਹਾਂ ਦੀ ਪੈਨਸ਼ਨ ਵਿਚ ਕਟੌਤੀ ਕੀਤੀ ਗਈ ਸੀ। ਜਾਣਕਾਰੀ ਮੁਤਾਬਕ ਅੰਮ੍ਰਿਤਸਰ ਜਿ?ਲ੍ਹੇ ਦੇ ਖਜਾਨਾ ਅਫਸਰ ਨੇ ਇਕ ਹੁਕਮ ਜਾਰੀ ਕਰਦਿਆਂ ਜਿ?ਲ੍ਹੇ ਦੇ ਸਾਰੇ ਬੈਂਕ ਮੈਨੇਜਰਾਂ ਨੂੰ ਕਿਹਾ ਹੈ ਕਿ ਉਹ ਪੈਨਸਨਰਾਂ ਤੋਂ ਵਾਧੂ ਕੱਟੀ ਗਈ ਪੈਨਸਨ ਦੀ ਰਕਮ ਤੁਰੰਤ ਵਾਪਸ ਕਰਨ। ਇਹ ਹੁਕਮ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇਕ ਅੰਤਰਿਮ ਹੁਕਮ ਦੇ ਆਦੇਸਾਂ ਦੀ ਪਾਲਣਾ ਵਿਚ ਜਾਰੀ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਵਿੱਤ ਵਿਭਾਗ (ਖਜਾਨਾ ਅਤੇ ਲੇਖਾ ਸਾਖਾ) ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਜਿ?ਲ੍ਹਾ ਖਜਾਨਾ ਅਫਸਰ ਨੇ ਬੈਂਕ ਮੈਨੇਜਰਾਂ ਨੂੰ ਇਹ ਹੁਕਮ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਪੈਨਸਨਰਾਂ ਨੂੰ ਵਾਧੂ ਕਟੌਤੀ ਤੁਰੰਤ ਵਾਪਸ ਕਰ ਦਿੱਤੀ ਜਾਵੇ ਅਤੇ ਇਸ ਸਬੰਧੀ ਇਕ ਲਿਖਤੀ ਰਿਪੋਰਟ ਜਿ?ਲ੍ਹਾ ਖਜਾਨਾ ਦਫਤਰ ਨੂੰ ਭੇਜੀ ਜਾਵੇ। ਇਸ ਹੁਕਮ ਤੋਂ ਬਾਅਦ ਜਿ?ਲ੍ਹੇ ਦੇ ਪੈਨਸਨਰਾਂ ਨੂੰ ਉਮੀਦ ਬੱਝ ਗਈ ਹੈ ਕਿ ਉਨ੍ਹਾਂ ਨੂੰ ਵਾਧੂ ਕੱਟੀ ਗਈ ਪੈਨਸਨ ਦੀ ਰਕਮ ਜਲਦੀ ਹੀ ਵਾਪਸ ਮਿਲ ਜਾਵੇਗੀ।


**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, G

# ਡਿਪਟੀ ਕਮਿਸ਼ਨਰ ਵੱਲੋਂ ਨਾਭਾ ਖੇਤਰ 'ਚ ਡਰੋਪਸੀ ਬਿਮਾਰੀ ਦੇ ਕੇਸ ਦੀ ਜਾਂਚ ਲਈ ਕਮੇਟੀ ਗਠਿਤ

**ਪਟਿਆਲਾ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਮੁੱਖ ਮੰਤਰੀ ਫ਼ੀਲਡ ਅਫ਼ਸਰ ਨਵਦੀਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦਿਨੀਂ ਨਾਭਾ ਵਿਖੇ ਇਕੋ ਪਰਿਵਾਰ ਵਿੱਚ ਆਈ ਬਿਮਾਰੀ ਐਪੀਡੇਮਿਕ ਡਰੋਪਸੀ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਇਸ ਕੇਸ ਸਬੰਧੀ ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਦੇ ਆਦੇਸ਼ਾਂ 'ਤੇ ਐਸ.ਡੀ.ਐਮ. ਨਾਭਾ ਦੀ ਅਗਵਾਈ ਹੇਠ ਪੰਜ ਮੈਂਬਰੀ ਜਾਂਚ ਕਮੇਟੀ ਗਠਿਤ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਇਸ ਕਮੇਟੀ ਵਿੱਚ ਐਸ.ਡੀ.ਐਮ. ਨਾਭਾ, ਡੀ.ਐਸ.ਪੀ. ਨਾਭਾ, ਜ਼ਿਲ੍ਹਾ ਐਪੀਡੋਮੋਲੋਜਿਸਟ (ਆਈਡੀਐਸਪੀ) ਸਿਵਲ ਸਰਜਨ ਪਟਿਆਲਾ, ਸੀਨੀਅਰ ਮੈਡੀਕਲ ਅਫ਼ਸਰ ਨਾਭਾ ਅਤੇ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਉਕਤ ਕਮੇਟੀ ਇਸ ਘਟਨਾ ਸਬੰਧੀ ਸਿਵਲ ਸਰਜਨ ਪਟਿਆਲਾ ਵੱਲੋਂ ਪਹਿਲਾਂ ਕੀਤੀ ਜਾਂਚ ਰਿਪੋਰਟ ਨੂੰ ਵਾਚਦੇ ਹੋਏ, ਇਸ ਘਟਨਾਂ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਅਗਲੇਰੀ ਕਾਰਵਾਈ ਕਰੇਗੀ। ਇਸ ਕਮੇਟੀ ਨੂੰ ਆਪਣੀ ਜਾਂਚ ਰਿਪੋਰਟ 7 ਦਿਨਾਂ ਦੇ ਅੰਦਰ ਅੰਦਰ ਮੁੱਖ ਮੰਤਰੀ ਫ਼ੀਲਡ ਅਫ਼ਸਰ ਨੂੰ ਭੇਜਣ ਲਈ ਕਿਹਾ ਗਿਆ ਹੈ।

# ਮਾਡਲ ਸਕੂਲ ਵਿੱਚ ਸੰਵਿਧਾਨ ਦਿਵਸ ਮਨਾਇਆ ਗਿਆ

**ਪਟਿਆਲਾ, 28 ਨਵੰਬਰ**
**ਅਮਰਜੀਤ ਸਿੰਘ ਲਾਂਬਾ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਸੈਕੰਡਰੀ ਮਾਡਲ ਸਕੂਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ ਨੇ ਆਸਟਰੇਲੀਅਨ ਵਿਦਵਾਨਾਂ ਨਾਲ ਮਿਲ ਕੇ ਸੰਵਿਧਾਨ ਦਿਵਸ ਮਨਾਇਆ। ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ, ਚੰਡੀਗੜ੍ਹ ਅਤੇ ਬੇਲਮੌਂਟ ਰੋਟਰੀ ਕਲੱਬ, ਪਰਥ ਵੱਲੋਂ ਸਪਾਂਸਰ ਕੀਤੀ ਗਈ 'ਸਾਇੰਸ, ਮੈਥੇਮੈਟਿਕਸ, ਟੈਕਨਾਲੋਜੀ ਐਂਡ ਐਜੂਕੇਸ਼ਨ-ਮੇਕਿੰਗ ਐਂਡ ਸ਼ੈਪਿੰਗ ਦਾ ਫਿਊਚਰ' ਵਿਸ਼ੇ 'ਤੇ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਆਸਟ੍ਰੇਲੀਅਨ ਯੂਨੀਵਰਸਿਟੀ ਵਿੱਚ ਆਏ ਹਨ। ਅੱਜ ਦਾ ਦਿਨ ਉਨ੍ਹਾਂ ਸਕੂਲੀ ਬੱਚਿਆਂ ਨਾਲ ਬਿਤਾਇਆ।

ਪ੍ਰੋਗਰਾਮ ਦੀ ਸ਼ੁਰੂਆਤ 11ਵੀਂ ਆਰਟਸ ਦੀ ਪ੍ਰਭਨੂਰ ?ਕੌਰ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਸਵਾਗਤ ਕਰਦਿਆਂ ਕੀਤੀ। ਐਨਸੀਸੀ ਕੈਡੇਟ ਜਤਿਨ ਨੇ ਭਾਰਤੀ ਸੰਵਿਧਾਨ ਅਤੇ ਦੇਸ਼ ਦੇ ਰੋਜ਼ਾਨਾ ਦੇ ਸ਼ਾਸਨ ਲਈ ਇਸ ਦੀ ਮਹੱਤਤਾ ਬਾਰੇ ਗੱਲ ਕੀਤੀ। ਫਿਰ ਮਹਿਮਾਨਾਂ ਨੇ ਵਾਤਾਵਰਣ ਦੀਆਂ ਚੁਣੌਤੀਆਂ ਅਤੇ ਸਥਿਰਤਾ ਤੋਂ ਲੈ ਕੇ ਵੱਖ-ਵੱਖ ਖੇਤਰਾਂ ਵਿੱਚ ਭਾਰਤ-ਆਸਟ੍ਰੇਲੀਅਨ ਸਹਿਯੋਗ ਤੱਕ ਕਈ ਮੁੱਦਿਆਂ ਨੂੰ ਸੰਬੋਧਿਤ ਕੀਤਾ। ਵਿਦਿਆਰਥੀਆਂ ਨੇ ਉਨ੍ਹਾਂ ਨੂੰ ਸਵਾਲ ਪੁੱਛੇ ਅਤੇ ਉਨ੍ਹਾਂ ਨੇ ਪੂਰੀ ਤਸੱਲੀਬਖਸ਼ ਜਵਾਬ ਦਿੱਤੇ। ਕਾਲਜ ਵਿਕਾਸ ਕੌਂਸਲ ਦੇ ਡੀਨ ਡਾ: ਬਲਰਾਜ ਸੈਣੀ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਪ੍ਰੋਗਰਾਮ ਦੀ ਸਮਾਪਤੀ ਆਸਟ੍ਰੇਲੀਅਨਾਂ ਵੱਲੋਂ ਸਕੂਲ ਕੈਂਪਸ ਵਿੱਚ ਬੂਟੇ ਲਗਾ ਕੇ ਕੀਤੀ ਗਈ। ਸਕੂਲ ਦੇ ਵਿਦਿਆਰਥੀ ਅਮੀਨ ਨੂੰ ਕਾਨਫਰੰਸ ਦਾ ਹਿੱਸਾ ਬਣੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਤਸੱਲੀ ਇਨਾਮ ਜਿੱਤਣ ਲਈ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਗਗਨਦੀਪ ਸਿੰਘ ਨੇ ਕੀਤਾ ਅਤੇ ਮੰਚ ਸੰਚਾਲਨ ਸਕੂਲ ਇੰਚਾਰਜ ਸਤਵੀਰ ਸਿੰਘ ਗਿੱਲ ਨੇ ਕੀਤਾ। ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਸਟੇਟ ਕਾਲਜ ਪਟਿਆਲਾ ਵਿਖੇ ਵਿਸ਼ੇਸ਼ ਸਰਸਰੀ ਸੁਧਾਰੀ 2025 ਸਬੰਧੀ ਵੋਟਰ ਜਾਗਰੂਕਤਾ ਕੈਂਪ

**ਪਟਿਆਲਾ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੋਣ ਕਮਿਸ਼ਨ ਪੰਜਾਬ ਵੱਲੋਂ ਪੰਜਾਬ ਭਰ ਵਿੱਚ ਇਲੈਕਟੋਰਲ ਰੋਲ ਵਿੱਚ ਵਿਸ਼ੇਸ਼ ਸਰਸਰੀ ਸੁਧਾਰੀ ਦਾ ਕੰਮ ਜਾਰੀ ਹੈ, ਜੋ ਕਿ ਮਿਤੀ 28 ਨਵੰਬਰ 2024 ਤੱਕ ਜਾਰੀ ਰਹੇਗਾ।ਇਸ ਦੌਰਾਨ ਨਵੇਂ ਵੋਟਰ ਅਪਣੀ ਵੋਟ ਪੰਜੀਕਰਨ ਲਈ ਆਵੇਦਨ ਕਰ ਸਕਦੇ ਹਨ, ਵੋਟਰ ਰੋਲ ਵਿੱਚ ਹਰ ਪ੍ਰਕਾਰ ਦੀ ਯੋਗ ਸੋਧ, ਅਤੇ ਹਲਕਾਂ ਛੱਡ ਚੁੱਕੇ ਵੋਟਰਾਂ ਦੀ ਵੋਟ ਕੱਟੀ ਜਾ ਸਕਦੀ ਹੈ। ਜਿਲ੍ਹਾਂ ਚੋਣ ਅਫਸਰ, ਪਟਿਆਲਾ ਵੱਲੋਂ ਪੰਜਾਬ ਚੋਣ ਵਿਭਾਗ ਦੇ ਦਿਸ਼ਾ ਨਿਰਦੇਸਾਂ ਅਧੀਨ ਇਨ੍ਹਾਂ ਮੰਤਵਾ ਲਈ ਨਵੰਬਰ ਮਹੀਨੇ ਵਿੱਚ ਚਾਰ ਵਿਸ਼ੇਸ਼ ਬੂਥ ਲੇਵਲ ਕੈਂਪ ਲਗਾਏ ਗਏ ਸਨ। ਇਹ ਜਾਣਕਾਰੀ ਜਿਲ੍ਹਾਂ ਸਵੀਪ ਨੋਡਲ ਅਫਸਰ ਪਟਿਆਲਾ ਡਾ. ਸਵਿੰਦਰ ਸਿੰਘ ਰੇਖੀ, 115-ਪਟਿਆਲਾ ਦੇ ਨੋਡਲ ਅਫਸਰ ਸ਼੍ਰੀ. ਰੁਪਿੰਦਰ ਸਿੰਘ ਅਤੇ ਸਹਾਇਕ ਨੋਡਲ ਅਫਸਰ ਸ਼੍ਰੀ ਮੋਹਿਤ ਕੋਸ਼ਲ ਨੇ ਅੱਜ ਮਿਤੀ 26.11.2024 ਨੂੰ ਸਰਕਾਰੀ ਕਾਲਜ ਆਫ ਐਜੂਕੇਸ਼ਨ, ਪਟਿਆਲਾ ਦੇ ਵਿਦਿਆਰਥੀਆਂ ਨਾਲ ਇੱਕ ਵਿਸ਼ੇਸ਼ ਕੈਂਪ ਵਿੱਚ ਸਾਂਝੀ ਕੀਤੀ।ਸ਼੍ਰੀ. ਰੁਪਿੰਦਰ ਸਿੰਘ ਨੇ ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਨੂੰ ਵੋਟਰ ਹੈਲਪ ਲਾਈਨ ਐਪ ਦੀ ਮਦਦ ਰਾਹੀਂ ਬਤੌਰ ਵੋਟਰ ਰਜਿਸਟਰ ਕੀਤਾ।

ਕਾਲਜ ਦੀ ਪ੍ਰਿੰਸੀਪਲ ਡਾ. ਦੀਪਿੰਦਰ ਕੌਰ ਨੇ ਸਵੀਪ ਟੀਮ ਦਾ ਕਾਲਜ ਵਿਖੇ ਸਵਾਗਤ ਕੀਤਾ ਅਤੇ ਵਿਦਿਆਰੀਆਂ ਨੂੰ ਲੋਕਤੰਤਰ ਦੀ ਮਜ਼ਬੂਤੀ ਲਈ ਸਮੂਹਿਕ ਰੂਪ ਵਿੱਚ ਕਾਰਜ ਕਰਨ ਲਈ ਪ੍ਰੇਰਿਤ ਕੀਤਾ। ਕਾਲਜ ਪ੍ਰਿੰਸੀਪਲ ਨੇ ਦੱਸਿਆ ਕਿ ਉਹਨਾਂ ਦੀ ਸੰਸਥਾ ਦੇ ਵਿਦਿਆਰਥੀ ਸਵੀਪ ਗਤੀਵਿਧੀਆਂ ਵਿੱਚ ਵੱਧ ਚੜ ਕੇ ਭਾਗ ਲੈਂਦੇ ਹਨ ਅਤੇ ਜਿਲ੍ਹਾਂ ਪ੍ਰਸ਼ਾਸ਼ਨ ਨੂੰ ਹਰ ਪ੍ਰੋਗਰਾਮ ਵਿੱਚ ਸਹਿਯੋਗ ਦਿੰਦੇ ਹਨ। ਸਵੀਪ ਟੀਮ ਪਟਿਆਲਾ ਨੇ ਵਿਦਿਆਰਥੀਆ ਨੂੰ ਉਨ੍ਹਾਂ ਦੀਆਂ ਵੋਟਰ ਜਰੂਰਤਾਂ ਲਈ ਚੋਣ ਕਮਿਸ਼ਨ ਵੱਲੋਂ ਪ੍ਰਦਾਨ ਕੀਤੀਆਂ ਆਨ-ਲਾਈਨ ਸੁਵਿਧਾਵਾਂ ਜਿਵੇਂ ਕਿ ਵੋਟਰ ਹੈਲਪ ਲਾਈਨ ਅਤੇ ਵੈਬਸਾਈਟ ਾ.ਏਚ.ੀ.ਗੋਵ.ਨਿ ਬਾਰੇ ਦੱਸਦੇ ਹੋਏ ਵਿਦਿਆਰਥੀਆਂ ਨੂੰ ਇਨ੍ਹਾਂ ਦੀ ਵਰਤੋਂ ਕਰਕੇ ਲੋੜ ਅਨੁਸਾਰ ਇਸ ਚੱਲ ਰਹੀ ਸਰਸਰੀ ਸੁਧਾਰੀ ਦਾ ਲਾਭ ਲੈਣ ਦਾ ਸੁਨੇਹਾ ਦਿੱਤਾ ਅਤੇ ਕਾਲਜ ਦੇ ਵਿਦਿਆਰਥੀਆ ਨੂੰ ਸੰਸਥਾ ਦੇ ਕੈਂਪਸ ਅੰਬੇਸਡਰ ਵਜੋਂ ਆਪਣੇ ਪਿੰਡਾਂ ਅਤੇ ਨੇੜਲੇ ਇਲਾਕੇ ਵਿੱਚ ਉਪਰੋਕਤ ਜਾਣਕਾਰੀ ਸਾਂਝੀ ਕਰਨ ਦੀ ਜਿੰਮੇਵਾਰੀ ਦਿੱਤੀ।

# ਈਸ਼ਾ ਫਾਂਊਂਡੇਸ਼ਨ ਵੱਲੋਂ ਮੈਡੀਟੇਸ਼ਨ ਸਬੰਧੀ ਇੰਨਰ ਇੰਜਨੀਅਰਰਿੰਗ ਇੰਟਰੋਡਕਸ਼ਨ ਸੈਸ਼ਨ ਕਰਵਾਇਆ ਗਿਆ

**ਪਟਿਆਲਾ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਮੇਟੀ ਹਾਲ ਵਿਖੇ ਅੱਜ ਈਸ਼ਾ ਫਾਂਊਂਡੇਸ਼ਨ ਵੱਲੋਂ ਮੈਡੀਟੇਸ਼ਨ ਸਬੰਧੀ ਇੰਨਰ ਇੰਜਨੀਅਰਰਿੰਗ ਇੰਟਰੋਡਕਸ਼ਨ ਸੈਸ਼ਨ ਕਰਵਾਇਆ ਗਿਆ । ਸੈਸ਼ਨ ਦੌਰਾਨ ਈਰਾਨ ਤੋਂ ਆਏ ਅਧੀਰ ਏ.ਐਲ. ਅਤੇ ਰੁਚੀ ਛਿੱਬਰ ਸੈਂਟਰ ਹੈਡ ਅਤੇ ਸਾਈਕੋਲੋਜਿਸਟ ਨੇ ਦੱਸਿਆ ਕਿ ਮੈਡੀਟੇਸ਼ਨ ਜਾਂ ਧਿਆਨ ਕਿਰਿਆ ਨਾਲ ਅਸੀਂ ਆਪਣੇ ਚੇਤਨ ਮਨ ਨੂੰ ਸ਼ੁੱਧ ਕਰ ਸਕਦੇ ਹਾਂ ਅਤੇ ਮਾਨਸਿਕ ਤਣਾਅ ਨੂੰ ਖਤਮ ਕਰਨ ਲਈ ਮੈਡੀਟੇਸ਼ਨ ਬੇਹੱਦ ਜ਼ਰੂਰੀ ਹੈ। ਉਹਨਾਂ ਦੱਸਿਆ ਕਿ ਇਸ ਕੈਂਪ ਦਾ ਮੁੱਖ ਮੰਤਵ ਲੋਕਾਂ ਨੂੰ ਮੈਡੀਟੇਸ਼ਨ ਨਾਲ ਜੋੜਨਾ ਹੈ। ਉਹਨਾਂ ਇਹ ਵੀ ਦੱਸਿਆ ਕਿ ਧਿਆਨ ਕ੍ਰਿਆ ਦੇ ਰੋਜ਼ਾਨਾ ਅਭਿਆਸ ਨਾਲ ਕਈ ਤਰ੍ਹਾਂ ਦੇ ਫਾਇਦੇ ਹੁੰਦੇ ਹਨ ਜਿਵੇਂ ਕਿ ਤਨਾਅ ਤੋਂ ਮੁਕਤੀ, ਚੰਗੀ ਨੀਂਦ, ਸਰੀਰਿਕ ਚੁਸਤੀ ਅਤੇ ਮਨ ਦੀ ਇਕਾਗਰਤਾ ਆਦਿ ਸ਼ਾਮਲ ਹਨ ਅਤੇ ਮੈਡੀਟੇਸ਼ਨ ਰਾਹੀਂ ਬਿਮਾਰੀਆਂ ਤੋਂ ਵੀ ਬਚਿਆ ਜਾ ਸਕਦਾ ਹੈ ।ਉਹਨਾ ਦੱਸਿਆ ਕਿ ਹਰ ਉਮਰ ਦੇ ਲੋਕਾਂ ਲਈ ਮੈਡੀਟੇਸ਼ਨ ਲਾਹੇਵੰਦ ਹੈ । ਕੈਂਪ ਦੌਰਾਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਸਨ।

# ਗੁਰੂ ਗੋਬਿੰਦ ਸਿੰਘ ਲਾਅ ਕਾਲਜ਼ ਵਿ਼ਖ਼ੇ ਰੱਖਿਆ ਗਿਆ ਪ੍ਰੋਗਰਾਮ

**ਗਿੱਦੜਬਾਹਾ, 28 ਨਵੰਬਰ**
**- ਨਰਿੰਦਰ ਵਧਵਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਗੋਬਿੰਦ ਸਿੰਘ ਲਾਅ ਕਾਲਜ ਗਿੱਦੜਬਾਹਾ ਦੇ ਬੀ.ਏ.ਐੱਲ.ਐਲ.ਬੀ ਆਨਰਜ਼ ਦੇ ਵਿਦਿਆਰਥੀਆਂ ਨੇ ਸੰਵਿਧਾਨ ਦਿਵਸ ਮਨਾਇਆ। ਇਸ ਮੌਕੇ ਹਾਜ਼ਰ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸੰਵਿਧਾਨ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਵਿਦਿਆਰਥਣ ਪ੍ਰਨੀਤ ਕੌਰ ਨੇ ਕਿਹਾ ਕਿ ਭਾਰਤ ਦਾ ਸੰਵਿਧਾਨ ਪੂਰੀ ਦੁਨੀਆ ਵਿੱਚ ਸਭ ਤੋਂ ਵਿਆਪਕ ਹੈ ਜੋ ਸਾਡੇ ਮੌਲਿਕ ਅਧਿਕਾਰਾਂ ਦਾ ਰਾਖਾ ਹੈ। ਰਿਦੀਮਾ ਨੇ ਸਪੱਸ਼ਟ ਕੀਤਾ ਕਿ ਭਾਰਤੀ ਸੰਵਿਧਾਨ ਇੱਕ ਬੁਨਿਆਦੀ ਮਿਆਰ ਵਜੋਂ ਕੰਮ ਕਰਦਾ ਹੈ ਅਤੇ ਕੋਈ ਹੋਰ ਕਾਨੂੰਨ ਇਸ ਸੰਵਿਧਾਨ ਤੋਂ ਉੱਪਰ ਨਹੀਂ ਹੈ। ਇਸ ਮੌਕੇ ਮੁਸਕਾਨ, ਰੇਣੂਕਾ, ਸੋਨੀਆ, ਜਸਲੀਨ, ਮਹਿਕ, ਹਰਲੀਨ, ਗੌਰਵ, ਫਤਿਹਵੀਰ ਆਦਿ ਵਿਦਿਆਰਥੀਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ।

# 68ਵੀਆਂ ਪੰਜਾਬ ਸਕੂਲ ਖੇਡਾਂ ਜੂਡੋ ਅੰਡਰ-19 ਦੇ ਮੁਕਾਬਲਿਆਂ ਦਾ ਹੋਇਆ ਸ਼ਾਨਦਾਰ ਆਗਾਜ਼

**ਜਲੰਧਰ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੂਲ ਸਿੱਖਿਆ ਵਿਭਾਗ ਪੰਜਾਬ ਵਲੋਂ 68ਵੀਆਂ ਰਾਜ ਪੱਧਰੀ ਸਕੂਲ ਖੇਡਾਂ ਜੂਡੋ (ਲੜਕੇ ਅਤੇ ਲੜਕੀਆਂ) ਅੰਡਰ-19 ਦੇ ਮੁਕਾਬਲਿਆਂ ਦਾ ਉਦਘਾਟਨ ਅੱਜ ਮੁੱਖ ਮਹਿਮਾਨ ਵਿਧਾਇਕ ਰਮਨ ਅਰੋੜਾ ਵਲੋਂ ਸਕੂਲ ਆਫ ਐਮੀਨੈਂਸ ਲਾਡੋਵਾਲੀ ਰੋਡ ਵਿਖੇ ਕੀਤਾ ਗਿਆ। ਉਹਨਾਂ ਵੱਲੋਂ ਰਸਮੀ ਤੌਰ 'ਤੇ ਗੁਬਾਰੇ ਛੱਡ ਕੇ ਟੂਰਨਾਮੈਂਟ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਹਨਾਂ ਵੱਲੋਂ ਸਮੂਹ ਖਿਡਾਰੀਆਂ ਨੂੰ ਖੇਡਾਂ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਗਿਆ। ਉਨ੍ਹਾਂ ਵੱਖ-ਵੱਖ ਜਿਲ੍ਹਿਆਂ ਤੋਂ ਪਹੁੰਚੇ ਖਿਡਾਰੀਆਂ ਨਾਲ ਮੁਲਾਕਾਤ ਕਰਕੇ ਟੂਰਨਾਮੈਂਟ ਦੇ ਮੈਚਾਂ ਲਈ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ।

ਸ਼੍ਰੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੂਬੇ ਵਿਚ ਚੰਗੇ ਖਿਡਾਰੀ ਪੈਦਾ ਕਰਨ ਲਈ ਉਸਾਰੂ ਮਾਹੌਲ ਸਿਰਜਿਆ ਗਿਆ ਹੈ। ਉਨ੍ਹਾਂ ਕਿ ਖੇਡਾਂ ਵਤਨ ਪੰਜਾਬ ਦੀਆਂ ਅਤੇ ਸਕੂਲਜ਼ ਖੇਡਾਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਵੱਲ ਭਗਵੰਤ ਮਾਨ ਸਰਕਾਰ ਦਾ ਬਿਹਤਰੀਨ ਉਪਰਾਲਾ ਹੈ।

ਉਨ੍ਹਾਂ ਸਮੂਹ ਖਿਡਾਰੀਆਂ ਨੂੰ ਜਿੱਤ ਹਾਰ ਤੋਂ ਉਪਰ ਉਠ ਕੇ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਦੇਸ਼ ਦਾ ਨਾਂ ਚਮਕਾਉਣ ਲਈ ਸਖ਼ਤ ਮਿਹਨਤ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਇਸ ਟੂਰਨਾਮੈਂਟ ਦੇ ਜੇਤੂ ਵਿੱਦਿਆਰਥੀਆਂ ਨੂੰ ਲੁਧਿਆਣਾ ਵਿਖੇ ਹੋਣ ਜਾ ਰਹੀਆਂ 68ਵੀਆਂ ਨੈਸ਼ਨਲ ਸਕੂਲ ਖੇਡਾਂ ਜੂਡੋ ਵਿੱਚ ਸੂਬੇ ਦਾ ਨਾਂ ਚਮਕਾਉਣ ਦਾ ਮੌਕਾ ਮਿਲੇਗਾ।

ਉਨ੍ਹਾਂ ਕਿਹਾ ਕਿ ਟੂਰਨਾਮੈਂਟ ਵਿਖੇ ਪਹੁੰਚੀਆਂ ਸਮੂਹ ਟੀਮਾਂ ਦੇ ਖਿਡਾਰੀਆਂ ਅਤੇ ਆਫੀਸ਼ਲਜ ਦੀ ਰਿਹਾਇਸ਼ ਅਤੇ ਖਾਣ-ਪੀਣ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਟੂਰਨਾਮੈਂਟ ਦੇ ਸਮੂਹ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ।

ਅੱਜ ਟੂਰਨਾਮੈਂਟ ਦੇ ਪਹਿਲੇ ਦਿਨ ਲੜਕੀਆਂ ਦੇ ਮੁਕਾਬਲੇ ਕਰਵਾਏ ਗਏ। 36 ਕਿਲੋਗ੍ਰਾਮ ਭਾਰ ਵਰਗ ਵਿੱਚ ਜਲੰਧਰ ਦੀ ਅੰਜਲੀ ਨੇ ਪਹਿਲਾ, ਲੁਧਿਆਣਾ ਦੀ ਸਲੋਨੀ ਨੇ ਦੂਸਰਾ, ਫਾਜ਼ਿਲਕਾ ਦੀ ਮੋਨਿਕਾ ਅਤੇ ਤਰਨਤਾਰਨ ਦੀ ਸਨੇਹਾ ਨੇ ਸਾਂਝੇ ਰੂਪ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

40 ਕਿਲੋਗ੍ਰਾਮ ਭਾਰ ਵਰਗ ਵਿੱਚ ਜਲੰਧਰ ਦੀ ਖਨਕ ਨੇ ਪਹਿਲਾ, ਫਰੀਦਕੋਟ ਦੀ ਖੁਸ਼ਦੀਪ ਕੌਰ ਨੇ ਦੂਸਰਾ, ਹੁਸ਼ਿਆਰਪੁਰ ਦੀ ਖੁਸ਼ਪ੍ਰੀਤ ਕੌਰ ਅਤੇ ਲੁਧਿਆਣਾ ਦੀ ਰਿਧਿਮਾ ਨੇ ਸਾਂਝੇ ਰੂਪ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਜਿਲ੍ਹਾ ਸਿੱਖਿਆ ਅਫ਼ਸਰ ਡਾ.ਗੁਰਿੰਦਰਜੀਤ ਕੌਰ, ਸੁਰਿੰਦਰ ਕੁਮਾਰ ਅੰਤਰਰਾਸ਼ਟਰੀ ਰੈਫਰੀ ਅਤੇ ਜੂਡੋ ਐਸੋਸੀਏਸ਼ਨ ਪੰਜਾਬ ਦੇ ਜਨਰਲ ਸਕੱਤਰ, ਅਮਨਦੀਪ ਕੌਂਡਲ ਜਿਲ੍ਹਾ ਸਪੋਰਟਸ ਕੋਆਰਡੀਨੇਟਰ/ ਡੀ.ਐਮ ਸਪੋਰਟਸ, ਕਨਵੀਨਰ ਪ੍ਰਿੰਸੀਪਲ ਯੋਗੇਸ਼ ਕੁਮਾਰ, ਪ੍ਰਿੰਸੀਪਲ ਸੁਖਦੇਵ ਲਾਲ ਬੱਬਰ, ਜਿਲ੍ਹਾ ਟੂਰਨਾਮੈਂਟ ਕਮੇਟੀ ਦੇ ਜਨਰਲ ਸਕੱਤਰ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ, ਮੁੱਖ ਅਧਿਆਪਕ ਰਾਕੇਸ਼ ਭੱਟੀ ਅਤੇ ਹੋਰ ਮੌਜੂਦ ਸਨ।

# ਸਹਾਇਕ ਕਮਿਸ਼ਨਰ ਨੇ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਕੰਮਾਂ ਦੀ ਕੀਤੀ ਸਮੀਖਿਆ

**ਮਲੇਰਕੋਟਲਾ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ ਦੀ ਪ੍ਰਧਾਨਗੀ ਹੇਠ ਸਵੱਛ ਭਾਰਤ ਮਿਸ਼ਨ ਗ੍ਰਾਮੀਣ (ਫੇਸ-2) ਅਧੀਨ ਵੱਖ-ਵੱਖ ਸਕੀਮਾਂ ਦੀ ਪ੍ਰਵਾਨਗੀ ਸਬੰਧੀ ਜ਼ਿਲ੍ਹਾ ਪੱਧਰੀ ਜ਼ਿਲ੍ਹਾ ਜਲ ਅਤੇ ਸੈਨੀਟੇਸ਼ਨ ਮਿਸ਼ਨ ਕਮੇਟੀ ਦੀ ਮੀਟਿੰਗ ਹੋਈ । ਇਸ ਮੌਕੇ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਇੰਜ.ਗੁਰਵਿੰਦਰ ਸਿੰਘ ਢੀਂਡਸਾ ਨੇ ਜ਼ਿਲ੍ਹੇ ਨੂੰ

# ਨੌਰਾ ਬੇਬੇ ਦੇ ਬਹਾਨੇ

**ਸਭ ਤੋਂ ਪਹਿਲਾਂ ਤਾਂ ਅਸੀਂ ਨੌਰਾ ਬੇਬੇ ਦਾ ਘਰ ਦੇਖਿਆ। ਫਿਰ ਉੱਥੋਂ ਦਾ ਅਜਾਇਬਘਰ ਦੇਖਣ ਗਏ। ਅਜਾਇਬਘਰ ਦੇ ਵਿਹੜੇ 'ਚ ਬੈਠ ਕੇ ਨੌਰਾ ਰਿਚਰਡਜ਼ ਅਤੇ ਨਾਟਕ ਬਾਰੇ ਗੱਲਾਂ ਹੁੰਦੀਆਂ ਰਹੀਆਂ। ਉੱਥੇ ਸਾਨੂੰ ਪੰਜਾਬੀ ਯੂਨੀਵਰਸਿਟੀ ਦੇ ਨਾਟਕ ਅਤੇ ਰੰਗਮੰਚ ਵਿਭਾਗ ਦੇ ਮੁਖੀ ਅਤੇ ਹੋਰ ਅਧਿਆਪਕ ਮਿਲੇ। ਉਹ ਸ਼ਾਮ ਦੇ ਨਾਟਕ ਦੀ ਤਿਆਰੀ ਵਿੱਚ ਰੁੱਝੇ ਹੋਏ ਸਨ। ਨੌਰਾ ਰਿਚਰਡਜ਼ ਵੱਲੋਂ ਬਣਾਈ ਉਸ ਸਟੇਜ 'ਤੇ ਬਲਵੰਤ ਗਾਰਗੀ, ਬਲਰਾਜ ਸਾਹਨੀ ਤੇ ਪ੍ਰਿਥਵੀ ਰਾਜ ਕਪੂਰ ਵਰਗੇ ਕਲਾਕਾਰ ਪੇਸ਼ਕਾਰੀਆਂ ਕਰ ਚੁੱਕੇ ਹਨ।**

**ਪਰਸ਼ੋਤਮ ਸਿੰਘ ਕੰਡਾਲਾ**




ਵਿਦਿਆਰਥੀ ਦੀ ਜ਼ਿੰਦਗੀ ਵਿੱਚ ਵਿੱਦਿਅਕ ਟੂਰਾਂ ਦੀ ਅਹਿਮੀਅਤ ਦਾ ਅਹਿਸਾਸ ਨੰਗਲ, ਧਰਮਸ਼ਾਲਾ ਅਤੇ ਅੰਦਰੇਟਾ ਜਾ ਕੇ ਹੋਇਆ। ਨੰਗਲ ਦਾ ਲੈਂਦੇ ਹੀ ਸਭ ਤੋਂ ਪਹਿਲਾਂ ਭਾਖੜਾ ਡੈਮ ਚੇਤਿਆਂ ਵਿੱਚ ਉਭਰਦਾ ਹੈ ਪਰ ਜਦੋਂ ਅਸੀਂ ਨੰਗਲ ਪੁੱਜੇ ਤਾਂ ਇਤਿਹਾਸ ਦਾ ਇੱਕ ਹੋਰ ਵਿਲੱਖਣ ਸਫ਼ਾ ਸਾਡੇ ਸਾਹਮਣੇ ਖੁੱਲ੍ਹਿਆ ਪਿਆ ਸੀ। ਅਸੀਂ ਪੰਜਾਬ ਦੇ ਕੋਨੇ-ਕੋਨੇ ਵਿੱਚ ਆਪਣੇ ਨਾਟਕ ਲਿਜਾਣ ਵਾਲੇ ਮਰਹੂਮ ਰੰਗਕਰਮੀ ਭਾਅ ਜੀ ਗੁਰਸ਼ਰਨ ਸਿੰਘ ਦੇ ਪੁਰਾਣੇ ਜੋਟੀਦਾਰ ਫੁਲਵੰਤ ਸਿੰਘ ਮਨੋਚਾ ਨੂੰ ਮਿਲ ਰਹੇ ਸਾਂ। ਰੰਗਕਰਮੀ ਫੁਲਵੰਤ ਸਿੰਘ ਮਨੋਚਾ ਸਾਡੇ ਸਾਹਮਣੇ ਇਤਿਹਾਸ ਦੇ ਉਹ ਸਫ਼ੇ ਫਰੋਲ ਰਹੇ ਸਨ ਜਦੋਂ ਗੁਰਸ਼ਰਨ ਸਿੰਘ ਨੇ ਨੰਗਲ ਨੌਕਰੀ ਕਰਦਿਆਂ ਨਾਟਕ ਦੇ ਪਿੜ ਵਿੱਚ ਪੈੜਾਂ ਪਾਉਣੀਆਂ ਸ਼ੁਰੂ ਕੀਤੀਆਂ ਸਨ। ਫੁਲਵੰਤ ਸਿੰਘ ਮਨੋਚਾ ਨੇ ਸਾਨੂੰ ਉਨ੍ਹਾਂ ਵੱਲੋਂ ਉਚੇਚੇ ਤੌਰ 'ਤੇ ਬਣਵਾਈ ਸਟੇਜ ਦਿਖਾਈ।

ਇਸ ਤੋਂ ਪਹਿਲਾਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਬਿਭੌਰ ਸਾਹਿਬ ਵਿਖੇ ਗਏ। ਰਾਜਾ ਰਤਨ ਰਾਏ ਦੀ ਬੇਨਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਇਸ ਸਥਾਨ 'ਤੇ ਰੁਕੇ ਸਨ। ਗੁਰਦੁਆਰੇ ਵਿੱਚ ਨਤਮਸਤਕ ਹੋ ਕੇ ਨਿਕਲਦੇ ਸਮੇਂ ਸੋਚ ਰਹੇ ਸਾਂ ਕਿ ਸਾਡੇ ਕਾਲਜ ਟੂਰ ਦੇ ਇੰਚਾਰਜ ਮੈਡਮ ਡਾ. ਕੰਵਲਜੀਤ ਕੌਰ ਢਿੱਲੋਂ ਕਿੱਥੇ ਲੈ ਕੇ ਜਾਣਗੇ! ਮੇਰੇ ਵਾਂਗ ਸ਼ਾਇਦ ਸਾਰੇ ਡੈਮ ਬਾਰੇ ਹੀ ਸੋਚ ਰਹੇ ਹੋਣਗੇ ਪਰ ਇਤਿਹਾਸ ਦੇ ਇਸ ਸਫ਼ੇ ਬਾਰੇ ਤਾਂ ਸਾਨੂੰ ਉੱਕਾ ਹੀ ਇਲਮ ਨਹੀਂ ਸੀ। ਫੁਲਵੰਤ ਸਿੰਘ ਮਨੋਚਾ, ਭਾਅ ਜੀ ਗੁਰਸ਼ਰਨ ਸਿੰਘ ਨਾਲ 1958-59 ਤੋਂ ਹੀ ਬਤੌਰ ਰੰਗਕਰਮੀ ਜੁੜੇ ਅਤੇ ਨੰਗਲ ਵਿੱਚ ਉਨ੍ਹਾਂ ਦੇ ਨਾਟਕਾਂ 'ਚ ਕੰਮ ਕਰਦੇ ਰਹੇ ਸਨ। ਉਹ ਗੱਲਾਂ ਕਰਦੇ-ਕਰਦੇ ਸਾਨੂੰ ਸਟਾਫ਼ ਕਲੱਬ ਲੈ ਗਏ। ਇਸ ਜਗ੍ਹਾ ਭਾਅ ਜੀ ਨੇ ਦਬੇ-ਕੁਚਲੇ ਦਲਿਤਾਂ ਦੀ ਹਾਕਮ ਧਿਰਾਂ ਵੱਲੋਂ ਕੀਤੀ ਜਾ ਰਹੀ ਲੁੱਟ-ਖਸੁੱਟ ਵਿਰੁੱਧ ਲੜਾਈ ਸ਼ੁਰੂ ਕੀਤੀ ਸੀ। ਉਨ੍ਹਾਂ ਨੇ ਉੱਥੇ ਬਣਵਾਈ ਸਟੇਜ 'ਤੇ ਖੇਡੇ ਨਾਟਕਾਂ ਨੂੰ ਮਨੋਰੰਜਨ ਦਾ ਸਾਧਨ ਬਣਾਉਣ ਦੀ ਥਾਂ ਇਸ ਜ਼ਰੀਏ ਸਮਾਜਕ ਤੇ ਸੱਭਿਆਚਾਰਕ ਤਬਦੀਲੀ ਲਈ ਲੋਕਾਂ ਨੂੰ ਜਾਗਰੂਕ ਕੀਤਾ। ਇਹ ਗੱਲਾਂ ਦੱਸਦੇ ਫੁਲਵੰਤ ਸਿੰਘ ਮਨੋਚਾ ਸਾਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵੱਲ ਲੈ ਤੁਰੇ। ਦੇਖਣ ਨੂੰ ਇਹ ਆਮ ਸਕੂਲਾਂ ਵਰਗਾ ਹੀ ਸੀ ਪਰ ਸਕੂਲ ਦਾ ਇਤਿਹਾਸ ਸੁਣ ਕੇ ਸਾਰਿਆਂ ਦੇ ਮਨਾਂ ਵਿੱਚ ਇਸ ਬਾਰੇ ਹੋਰ ਵੀ ਜਾਣਨ ਦੀ ਉਤਸੁਕਤਾ ਜਾਗ ਪਈ। ਉਨ੍ਹਾਂ ਸਕੂਲ ਬਾਰੇ ਦੱਸਿਆ, "ਜਦੋਂ ਭਾਅ ਜੀ ਦੇ ਵਿਭਾਗ ਦੇ ਅਫ਼ਸਰਾਂ ਨੇ ਉਨ੍ਹਾਂ ਨੂੰ ਇਸ ਸਟੇਜ 'ਤੇ ਨਾਟਕ ਖੇਡਣ ਤੋਂ ਰੋਕ ਦਿੱਤਾ ਤਾਂ ਉਨ੍ਹਾਂ ਨੇ ਇਸ ਸਕੂਲ 'ਚ ਨਾਟਕ ਖੇਡਿਆ ਸੀ। ਇੱਥੇ ਹੀ ਭਾਅ ਜੀ ਗੁਰਸ਼ਰਨ ਦੇ ਨੰਗਲ ਮੁਕਾਮ ਦੌਰਾਨ ਪ੍ਰਸਿੱਧ ਅਦਾਕਾਰ ਬਲਰਾਜ ਸਾਹਨੀ, ਗਾਇਕ ਲਾਲ ਚੰਦ ਯਮਲਾ ਜੱਟ ਅਤੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੇ ਆਪਣੇ ਗੀਤ ਤੇ ਨਾਟਕ ਪੇਸ਼ ਕੀਤੇ ਸਨ।" ਇਸ ਸਟੇਜ ਦੇ ਨੇੜੇ ਇੱਕ ਪਾਰਕ 'ਚ ਨਗਰ ਕੌਂਸਲ ਵੱਲੋਂ ਭਾਅ ਜੀ ਦੇ ਨਾਂ 'ਤੇ ਥੀਏਟਰ ਬਣਾਇਆ ਜਾ ਰਿਹਾ ਹੈ।

ਅਸਲ ਵਿੱਚ ਜਦੋਂ ਇਸ ਟੂਰ ਦਾ ਪ੍ਰੋਗਰਾਮ ਬਣ ਰਿਹਾ ਸੀ ਤਾਂ ਇਸ ਵਿੱਚ ਸ਼ਾਮਲ ਹੋਣ ਬਾਰੇ ਮੈਂ ਜਕੋ-ਤੱਕੀ ਵਿਚ ਸਾਂ। ਜਦੋਂ ਡਾ. ਕੰਵਲਜੀਤ ਕੌਰ ਢਿੱਲੋਂ ਨੇ ਦੱਸਿਆ ਕਿ ਪੰਜਾਬੀ ਰੰਗਮੰਚ ਦੀ ਬੇਬੇ ਨੌਰਾ ਰਿਚਰਡ ਦੇ ਜਨਮ ਦਿਨ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਅੰਧਰੇਟੇ ਉਨ੍ਹਾਂ ਦੇ ਘਰ ਜਾ ਕੇ ਨਾਟਕ 'ਕਰਮਾਂ ਵਾਲੀ' ਖੇਡਣਾ ਹੈ ਤਾਂ ਤਿਆਰ ਹੋ ਗਿਆ ਸਾਂ।

ਅਸੀਂ ਜਵਾਲਾ ਜੀ, ਚਿੰਤਪੂਰਨੀ, ਕਾਂਗੜਾ ਦੇਵੀ ਮੰਦਰਾਂ ਦੇ ਦਰਸ਼ਨ ਕਰਦੇ ਹੋਏ ਮਕਲੌਡਗੰਜ ਪਹੁੰਚ ਗਏ। ਉੱਥੇ ਪਹਿਲਾਂ ਮਹਾਤਮਾ ਬੁੱਧ ਦੇ ਮੰਦਰ ਗਏ ਤੇ ਫਿਰ ਪਹਾੜਾਂ ਦਾ ਆਨੰਦ ਮਾਣਿਆ। ਮਕਲੌਡਗੰਜ ਦੀਆਂ ਪਹਾੜੀਆਂ ਵਿੱਚ ਟਹਿਲਣ ਦਾ ਆਪਣਾ ਹੀ ਆਨੰਦ ਹੈ। ਇਨ੍ਹਾਂ ਨਜ਼ਾਰਿਆਂ ਦਾ ਲੁਤਫ਼ ਲੈਂਦੇ ਅਸੀਂ ਰਾਤੀਂ ਦਸ ਕੁ ਵਜੇ ਗੱਗਲ ਵਿਖੇ ਆਪਣੇ ਹੋਟਲ ਪਹੁੰਚੇ।

ਅਗਲੀ ਸਵੇਰ ਅਸੀਂ ਖੇਤੀਬਾੜੀ ਯੂਨੀਵਰਸਿਟੀ ਪਾਲਮਪੁਰ ਦੇ ਖੋਜ ਵਿਭਾਗ ਪਹੁੰਚੇ। ਗੇਟ ਤੋਂ ਡਾ. ਢਿੱਲੋਂ ਨੇ ਅੰਦਰ ਜਾਣ ਦਾ ਪਾਸ ਲੈ ਲਿਆ ਤੇ ਖੋਜ ਕੇਂਦਰ ਦੀ ਇੰਚਾਰਜ ਡਾ. ਅਪਰਨਾ ਨੇ ਸਾਨੂੰ ਗਾਈਡ ਦੇ ਦਿੱਤਾ। ਉੱਥੇ ਮਾਲੀ ਨੇ ਸਾਨੂੰ ਫੁੱਲਾਂ ਦੀਆਂ ਵੱਖ-ਵੱਖ ਕਿਸਮਾਂ ਦਿਖਾਈਆਂ ਤੇ ਉਨ੍ਹਾਂ ਦੀ ਸਾਂਭ-ਸੰਭਾਲ ਆਦਿ ਬਾਰੇ ਦੱਸਿਆ। ਚਾਹ ਪੱਤੀ ਬਣਾਉਣ ਵਾਲਾ ਖੋਜ ਵਿਭਾਗ ਸਭ ਤੋਂ ਵੱਧ ਦਿਲਚਸਪ ਲੱਗਿਆ। ਪੀਐਚ.ਡੀ. ਕਰ ਰਹੇ ਇੱਕ ਵਿਦਿਆਰਥੀ ਨੇ ਚਾਹ ਪੱਤੀ ਬਾਰੇ ਵਿਸਥਾਰ ਨਾਲ ਦੱਸਿਆ ਤੇ ਚਾਹ ਪੱਤੀ ਬਣਾਉਣ ਵਾਲੀਆਂ ਮਸ਼ੀਨਾਂ ਵੀ ਦਿਖਾਈਆਂ। ਉਸ ਨੇ ਹਰੀ ਚਾਹ (ਗਰੀਨ ਟੀ) ਅਤੇ ਕਾਲੀ ਚਾਹ (ਬਲੈਕ ਟੀ) ਦੀ ਤਿਆਰੀ ਅਤੇ ਇਨ੍ਹਾਂ ਵਿਚਕਾਰ ਫ਼ਰਕ ਵੀ ਦੱਸਿਆ। ਚਾਹ ਬਾਰੇ ਜਾਣਕਾਰੀ ਵੀ ਬੜੀ ਦਿਲਚਸਪ ਸੀ। ਇਹ ਅਨੇਕਾਂ ਬੀਮਾਰੀਆਂ ਨੂੰ ਦੂਰ ਕਰਦੀ ਹੈ। ਜੇ ਚਾਹ ਪੀਣੀ ਹੀ ਹੈ ਤਾਂ ਹਮੇਸ਼ਾਂ ਬਲੈਕ ਤੇ ਗਰੀਨ ਚਾਹ ਹੀ ਪੀਣੀ ਚਾਹੀਦੀ ਹੈ। ਅਸੀਂ ਸਵਾਲ ਪੁੱਛਦੇ ਰਹੇ ਤੇ ਉਸ ਨੇ ਸਵਾਲਾਂ ਦੇ ਜਵਾਬ ਵਿਸਥਾਰ ਸਹਿਤ ਦਿੱਤੇ। ਉੱਥੋਂ ਅਸੀਂ ਆਪਣੀ ਅਗਲੀ ਮੰਜ਼ਿਲ ਵੱਲ ਤੁਰ ਪਏ। ਪਾਲਮਪੁਰ ਤੋਂ 15 ਕਿਲੋਮੀਟਰ ਦੂਰ ਬੈਜਨਾਥ ਮੰਦਰ ਪਹੁੰਚੇ। ਇਸ ਮੰਦਰ ਦਾ ਆਪਣਾ ਇਤਿਹਾਸ ਹੈ। ਇਹ ਮੰਦਰ ਦਰਾਵੜੀਅਨ ਕਾਲ ਦਾ ਹੈ। ਕਹਿੰਦੇ ਹਨ ਕਿ ਇਸ ਥਾਂ ਰਾਵਣ ਨੇ ਤਪ ਕੀਤਾ ਸੀ।

ਅਸੀਂ ਜਦੋਂ ਟੂਰ ਪ੍ਰੋਗਰਾਮ ਉਲੀਕਿਆ ਸੀ ਤਾਂ ਸਾਡਾ ਮੁੱਖ ਦਰਸ਼ਨੀ ਸਥਾਨ ਅੰਧਰੇਟਾ ਸੀ। ਉੱਥੇ ਅਸੀਂ ਤਿੰਨ ਥਾਵਾਂ 'ਤੇ ਜਾਣਾ ਸੀ। ਪਹਿਲਾਂ ਅਸੀਂ ਡਾ.ਐੱਨ.ਸਿੰਘ ਦੀ ਪੋਟਰੀ ਗੈਲਰੀ ਪਹੁੰਚੇ। ਉੱਥੇ ਪੋਲੈਂਡ ਤੋਂ ਇੱਕ ਵਿਦਿਆਰਥਣ ਟਰੇਨਿੰਗ 'ਤੇ ਆਈ ਹੋਈ ਸੀ। ਉਹ ਘੁਮਿਆਰ ਵਾਲੇ ਚੱਕ ਉੱਤੇ ਆਪਣੇ ਕੰਮ ਵਿੱਚ ਰੁੱਝੀ ਹੋਈ ਸੀ। ਉਸ ਨੇ ਸਿਖਲਾਈ ਦੌਰਾਨ ਬਣਾਈਆਂ ਵਸਤਾਂ ਵੀ ਦਿਖਾਈਆਂ।

ਇਸ ਤੋਂ ਬਾਅਦ ਅਸੀਂ ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਦੀ ਆਰਟ ਗੈਲਰੀ ਗਏ। ਆਲੇ-ਦੁਆਲੇ ਦਾ ਮਾਹੌਲ ਅਤੇ ਸੋਭਾ ਸਿੰਘ ਵੱਲੋਂ ਬਣਾਏ ਚਿੱਤਰ ਦੇਖ ਕੇ ਸਭ ਬਾਗੋ-ਬਾਗ ਸਨ। ਡਾ. ਢਿੱਲੋਂ ਨੇ ਸਾਨੂੰ ਸੋਭਾ ਸਿੰਘ ਦੇ ਜੀਵਨ ਅਤੇ ਚਿੱਤਰਕਲਾ ਯਾਤਰਾ ਬਾਰੇ ਦੱਸਿਆ। ਫਿਰ ਅਸੀਂ ਪੰਜਾਬੀ ਨਾਟਕ ਦਾ ਮੱਕਾ ਕਹੇ ਜਾਣ ਵਾਲੀ ਸਟੇਜ ਅਤੇ ਨੌਰਾ ਰਿਚਰਡਜ਼ ਦੇ ਘਰ ਪਹੁੰਚੇ। ਸਭ ਤੋਂ ਪਹਿਲਾਂ ਤਾਂ ਅਸੀਂ ਨੌਰਾ ਬੇਬੇ ਦਾ ਘਰ ਦੇਖਿਆ। ਫਿਰ ਉੱਥੋਂ ਦਾ ਅਜਾਇਬਘਰ ਦੇਖਣ ਗਏ। ਅਜਾਇਬਘਰ ਦੇ ਵਿਹੜੇ 'ਚ ਬੈਠ ਕੇ ਨੌਰਾ ਰਿਚਰਡਜ਼ ਅਤੇ ਨਾਟਕ ਬਾਰੇ ਗੱਲਾਂ ਹੁੰਦੀਆਂ ਰਹੀਆਂ। ਉੱਥੇ ਸਾਨੂੰ ਪੰਜਾਬੀ ਯੂਨੀਵਰਸਿਟੀ ਦੇ ਨਾਟਕ ਅਤੇ ਰੰਗਮੰਚ ਵਿਭਾਗ ਦੇ ਮੁਖੀ ਅਤੇ ਹੋਰ ਅਧਿਆਪਕ ਮਿਲੇ। ਉਹ ਸ਼ਾਮ ਦੇ ਨਾਟਕ ਦੀ ਤਿਆਰੀ ਵਿੱਚ ਰੁੱਝੇ ਹੋਏ ਸਨ। ਨੌਰਾ ਰਿਚਰਡਜ਼ ਵੱਲੋਂ ਬਣਾਈ ਉਸ ਸਟੇਜ 'ਤੇ ਬਲਵੰਤ ਗਾਰਗੀ, ਬਲਰਾਜ ਸਾਹਨੀ ਤੇ ਪ੍ਰਿਥਵੀ ਰਾਜ ਕਪੂਰ ਵਰਗੇ ਕਲਾਕਾਰ ਪੇਸ਼ਕਾਰੀਆਂ ਕਰ ਚੁੱਕੇ ਹਨ।

ਨਾਟਕ 'ਕਰਮਾਂ ਵਾਲੀ' ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਡਾ. ਸੁਨੀਤਾ ਧੀਰ ਦੀ ਨਿਰਦੇਸ਼ਨਾ ਹੇਠ ਖੇਡਿਆ। ਇਹ ਕਸ਼ਮੀਰੀ ਲਾਲ ਜ਼ਾਕਿਰ ਦੇ ਨਾਵਲ 'ਕਰਮਾਂ ਵਾਲੀ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਸੀ। ਇਹ ਨਾਵਲ ਜ਼ਾਕਿਰ ਨੇ 1980 ਵਿੱਚ ਲਿਖਿਆ ਸੀ। ਇਸ 'ਚ 1947 ਦੀ ਵੰਡ ਵੇਲੇ ਲਹੂ-ਲੁਹਾਣ ਹੋਈ ਇਨਸਾਨੀਅਤ ਦੀ ਗੱਲ ਕੀਤੀ ਗਈ ਹੈ। ਇਸ ਨਾਟਕ 'ਚ ਉਨ੍ਹਾਂ ਦਿਨਾਂ ਦੇ ਕੁਝ ਸਿਆਸੀ ਆਗੂਆਂ ਦਾ ਮਾੜਾ ਕਿਰਦਾਰ ਤਾਂ ਦਿਖਾਇਆ ਹੀ ਗਿਆ ਹੈ, ਉਸ ਵੇਲੇ ਔਰਤਾਂ ਨਾਲ ਹੋਈ ਧੱਕੇਸ਼ਾਹੀ ਅਤੇ ਰੁਲ ਰਹੇ ਬੱਚਿਆਂ ਦਾ ਦਰਦ ਵੀ ਬਿਆਨ ਕੀਤਾ ਗਿਆ ਹੈ। ਇਸ ਨਾਟਕ ਵਿੱਚ ਮਾਂ ਤੇ ਬੱਚੇ ਦੀ ਜੁਦਾਈ ਬਹੁਤ ਮਾਰਮਿਕ ਰੂਪ 'ਚ ਪੇਸ਼ ਕੀਤੀ ਗਈ ਹੈ। ਅਗਲੀ ਸਵੇਰ ਅਸੀਂ ਚੰਡੀਗੜ੍ਹ ਨੂੰ ਚਾਲੇ ਪਾ ਦਿੱਤੇ। ਇਹ ਸਹੀ ਹੈ ਕਿ ਕਿਤਾਬਾਂ ਰਾਹ ਦਸੇਰਾ ਬਣਦੀਆਂ ਹਨ ਪਰ ਇਸ ਟੂਰ ਦੌਰਾਨ ਆਪ ਪਲਟੇ ਜ਼ਿੰਦਗੀ ਦੇ ਇਨ੍ਹਾਂ ਸਫ਼ਿਆਂ ਦੀ ਗੱਲ ਹੀ ਕੁਝ ਹੋਰ ਸੀ।

# ਬੋਲ਼ੇ ਅਤੇ ਨੇਤਰਹੀਣ ਰੰਗਮੰਚ

ਇਜ਼ਰਾਈਲ ਦੇ ਤੇਲਅਵੀਵ 'ਚ ਨਾਲਾਗਾਆਤ (ਅਰਥ : ਕਿਰਪਾ ਕਰਕੇ ਛੂਹੋ) ਥਿਏਟਰ ਆਪਣੇ-ਆਪ 'ਚ ਅਨੋਖਾ ਹੈ। ਇਥੇ ਪੇਸ਼ ਕੀਤੇ ਜਾਣ ਵਾਲੇ ਨਾਟਕ 'ਨੌਟ ਬਾਈ ਬ੍ਰੈਡ ਅਲੋਨ' ਦੇ ਸਾਰੇ 11 ਕਲਾਕਾਰ ਬੋਲ਼ੇ ਅਤੇ ਨੇਤਰਹੀਣ ਹਨ, ਜੋ ਉਸ਼ੇਰ ਸਿੰਡਰੋਮ ਕਾਰਨ ਜਨਮ ਤੋਂ ਹੀ ਸੁਣਨ ਅਤੇ ਦੇਖਣ 'ਚ ਅਸਮਰੱਥ ਹਨ। ਇਸ ਸਰੀਰਕ ਬੇਵਸੀ ਦੇ ਬਾਵਜੂਦ ਇਹ ਕਲਾਕਾਰ ਮੰਚ 'ਤੇ ਕਮਾਲ ਦੀ ਅਦਾਕਾਰੀ ਪੇਸ਼ ਕਰਕੇ ਦਰਸ਼ਕਾਂ ਦੀ ਵਾਹਵਾਹੀ ਲੁੱਟਦੇ ਹਨ। 2007 'ਚ ਪਹਿਲੀ ਵਾਰ ਪੇਸ਼ ਹੋਣ ਤੋਂ ਲੈ ਕੇ ਹੁਣ ਤਕ ਇਹ ਨਾਟਕ ਕੋਈ 700 ਵਾਰ ਖੇਡਿਆ ਜਾ ਚੁੱਕਾ ਹੈ। ਅੱਜ ਜਿਸ ਇਮਾਰਤ 'ਚ ਇਹ ਥਿਏਟਰ ਬਣਿਆ ਹੈ, ਉਥੇ ਕਦੇ ਇਕ ਗੋਦਾਮ ਹੁੰਦਾ ਸੀ। ਦਾਨ 'ਚ ਹਾਸਲ ਰਕਮ ਨਾਲ ਇਥੇ ਥਿਏਟਰ ਬਣਾਇਆ

ਗਿਆ ਅਤੇ ਹੁਣ ਇਥੇ ਇਕ ਕੈਫੇ ਅਤੇ ਰੈਸਟੋਰੈਂਟ ਵੀ ਹੈ।

ਇਸ ਅਨੋਖੇ ਥਿਏਟਰ ਦੀ ਸਥਾਪਨਾ ਦਾ ਸਿਹਰਾ ਇਸਦੀ ਡਾਇਰੈਕਟਰ ਅਦੀਨਾ ਤਾਲ ਨੂੰ ਜਾਂਦਾ ਹੈ, ਜਿਨ੍ਹਾਂ ਨੂੰ 12 ਸਾਲ ਪਹਿਲਾਂ ਬੋਲ਼ੇ ਅਤੇ ਨੇਤਰਹੀਣਾਂ ਦੀ ਇਕ ਵਰਕਸ਼ਾਪ 'ਚ ਹਿੱਸਾ ਲੈਣ ਤੋਂ ਬਾਅਦ ਇਸ ਦਾ ਵਿਚਾਰ ਸੁੱਝਿਆ ਸੀ। ਇਸ ਤੋਂ ਬਾਅਦ ਉਹ ਇਸ ਅਸੰਭਵ ਜਿਹੇ ਲੱਗਣ ਵਾਲੇ ਕੰਮ ਨੂੰ ਸੰਭਵ ਬਣਾਉਣ 'ਚ ਜੁਟ ਗਈ ਸੀ।

ਬੋਲ਼ੇ ਅਤੇ ਨੇਤਰਹੀਣ ਕਲਾਕਾਰਾਂ ਵਲੋਂ ਮੰਚ 'ਤੇ ਨਾਟਕ ਪੇਸ਼ ਕਰਨ ਪਿੱਛੇ ਅਣਥੱਕ ਮਿਹਨਤ ਲੁਕੀ ਹੈ। ਉਹ 'ਲੋਰਮਨ' ਨਾਮੀ ਇਕ ਖਾਸ ਭਾਸ਼ਾ ਨਾਲ ਸੰਵਾਦ ਕਾਇਮ ਕਰਦੇ ਹਨ, ਜਿਸ 'ਚ ਸਪਰਸ਼ ਅਤੇ ਸੰਕੇਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਹ ਵੱਖ-ਵੱਖ ਢੰਗ ਨਾਲ ਸੰਪਰਕ ਕਰਕੇ ਆਪਣੀ ਗੱਲ ਆਪਣੇ ਸਾਥੀ ਕਲਾਕਾਰ ਨੂੰ ਸਮਝਾ ਸਕਦੇ ਹਨ। ਵਰਣਮਾਲਾ ਦੇ ਹਰ ਅੱਖਰ ਲਈ ਇਕ ਵੱਖਰੇ ਢੰਗ ਨਾਲ ਸਪਰਸ਼ ਨਾਲ ਹੀ ਇਕ-ਦੂਜੇ ਨਾਲ ਗੱਲ ਕਰ ਸਕਦੇ ਹਨ।

ਨਾਟਕ 'ਨੌਟ ਬਾਈਬ੍ਰੈਡ ਅਲੋਨ' ਦਾ ਮਕਸਦ ਇਹ ਦਿਖਾਉਣਾ ਹੈ ਕਿ ਵਿਚਾਰਾਂ ਦਾ ਅਦਾਨ-ਪ੍ਰਦਾਨ ਕਿੰਨਾ ਜ਼ਰੂਰੀ ਹੈ। ਹਫਤੇ 'ਚ 3 ਵਾਰ ਖੇਡੇ ਜਾਣ ਵਾਲੇ ਇਸ ਨਾਟਕ ਦੀਆਂ ਸਾਰੀਆਂ ਟਿਕਟਾਂ ਪਹਿਲਾਂ ਹੀ ਵਿਕ ਜਾਂਦੀਆਂ ਹਨ ਅਤੇ ਹੁਣ ਤਾਂ ਇਸ ਦੀ ਪ੍ਰਸਿੱਧੀ ਵਿਦੇਸ਼ਾਂ 'ਚ ਵੀ ਪਹੁੰਚ ਰਹੀ ਹੈ। ਪਿਛਲੇ ਸਾਲ ਹੀ ਇਨ੍ਹਾਂ ਕਲਾਕਾਰਾਂ ਨੇ ਲੰਡਨ ਇੰਟਰਨੈਸ਼ਨਲ ਫੈਸਟੀਵਲ ਆਫ ਥਿਏਟਰ ਦੌਰਾਨ ਵੀ ਆਪਣਾ ਇਹ ਅਨੋਖਾ ਨਾਟਕ ਪੇਸ਼ ਕੀਤਾ ਸੀ।

# ਮੈਕਸੀਕੋ 'ਚ ਮਾਇਆ ਸੱਭਿਅਤਾ ਦੀ ਸੈਰ





ਪਿਛਲੇ ਕਾਫੀ ਸਮੇਂ ਤੋਂ 21 ਦਸੰਬਰ 2012 ਨੂੰ ਦੁਨੀਆ ਖਤਮ ਹੋਣ ਦੀ ਅਫਵਾਹ ਨੂੰ ਲੈ ਕੇ ਮਾਇਆ ਸੱਭਿਅਤਾ ਕਾਫੀ ਚਰਚਾ 'ਚ ਰਹੀ। ਦੁਨੀਆ ਤਾਂ ਖਤਮ ਨਹੀਂ ਹੋਈ ਪਰ ਇਸ ਦੌਰਾਨ ਮਾਇਆ ਸੱਭਿਅਤਾ ਨਾਲ ਸੰਬੰਧਤ ਸਥਾਨਾਂ ਦੀਪ ਸਿੱਧੀ 'ਚ ਕਈ ਗੁਣਾ ਵਾਧਾ ਜ਼ਰੂਰ ਹੋਇਆ, ਇਨ੍ਹਾਂ 'ਚ ਮੈਕਸੀਕੋ 'ਚ ਸਥਿਤ ਚਿਚੇਨ ਇਟਸਾ ਵੀ ਸ਼ਾਮਲ ਹੈ। ਮਾਇਆ ਸੱਭਿਅਤਾ ਤੋਂ ਸਭ ਤੋਂ ਵਿਸ਼ਾਲ ਸ਼ਹਿਰਾਂ 'ਚੋਂ ਇਕ ਚਿਚੇਨ ਇਟਸਾ 'ਚ ਕਈ ਇਤਿਹਾਸਕ ਸਰੰਚਨਾਵਾਂ ਮੌਜੂਦ ਹਨ।

ਇਥੇ ਹੀ ਕੁਕੁਲਕਾਨ ਪਿਰਾਮਿਡ ਟੈਂਪਲ ਹਮੇਸ਼ਾ ਤੋਂ ਗਣਿਤ ਸ਼ਾਸਤਰੀਆਂ, ਖਗੋਲ ਵਿਗਿਆਨੀਆਂ ਅਤੇ ਵਾਸਤੂ ਸ਼ਾਸਤਰੀਆਂ ਨੂੰ ਖਾਸ ਤੌਰ 'ਤੇ ਆਕਰਸ਼ਿਤ ਕਰਦਾ ਰਿਹਾ ਹੈ। ਚਾਰੇ ਦਿਸ਼ਾਵਾਂ ਤੋਂ ਇਸ ਦੇ ਉੱਪਰਲੇ ਹਿੱਸੇ ਤਕ ਜਾਣ ਵਾਲੀਆਂ ਚਾਰ ਪੌੜੀਆਂ 'ਚ ਕੁਲ 91 ਸੋਪਾਨ ਹਨ। ਇਨ੍ਹਾਂ ਚਾਰਾਂ ਪੌੜੀਆਂ ਦੇ ਸੋਪਾਨਾਂ ਅਤੇ ਸਭ ਤੋਂ ਉੱਪਰਲੀ ਮੰਜ਼ਲ ਦੇ ਇਕ ਸੋਪਾਨ ਦਾ ਕੁਲ ਜੋੜ 365 ਬੈਠਦਾ ਹੈ, ਜੋ ਸਾਲ ਦੇ ਕੁਲ 365 ਦਿਨਾਂ ਦੇ ਬਰਾਬਰ ਹੈ। ਸਾਲ 'ਚ ਦੋ ਵਾਰ ਮਾਰਚ ਅਤੇ ਦਸੰਬਰ 'ਚ ਜਦ

# ਪੰਜਾਬ ਸਰਕਾਰ ਨੇ ਸਿਹਤ, ਸਿੱਖਿਆ ਅਤੇ ਰੋਜ਼ਗਾਰ ਦੇ ਖੇਤਰ 'ਚ ਪੁੱਟੀਆ ਵੱਡੀਆ ਪੁਲਾਂਘਾਂ : ਡਾ. ਰਵਜੋਤ ਸਿੰਘ

## ➢ ਸਿਵਲ ਹਸਪਤਾਲ ਵਿਖੇ ਨਵੇਂ ਹਾਊਸ ਸਰਜਨਾਂ ਨੂੰ ਸੌਂਪੇ ਨਿਯੁਕਤੀ ਪੱਤਰ ➢ ਆਮ ਆਦਮੀ ਕਲੀਨਿਕਾਂ ਰਾਹੀਂ ਕਰੋੜਾਂ ਲੋਕਾਂ ਨੇ ਲਈਆ ਸਿਹਤ ਸੇਵਾਵਾਂ : ਬ੍ਰਮ ਸ਼ੰਕਰ ਜਿੰਪਾ

**ਚੰਡੀਗੜ੍ਹ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਰਾਜ ਸਰਕਾਰ ਵਲੋਂ ਨਿਯੁਕਤ ਕੀਤੇ 24 ਐਮ.ਬੀ.ਬੀ.ਐਸ. ਡਾਕਟਰਾਂ ਨੂੰ ਹਾਊਸ ਸਰਜਨ ਵਜੋਂ ਨਿਯੁਕਤੀ ਪੱਤਰ ਸੌਂਪਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸਰਕਾਰ ਨੇ ਸੂਬੇ ਅੰਦਰ ਸਿਹਤ, ਸਿੱਖਿਆ ਅਤੇ ਰੋਜ਼ਗਾਰ ਦੇ ਖੇਤਰ ਵਿਚ ਨਵੇਂ ਦਿਸਹੱਦੇ ਸਥਾਪਿਤ ਕੀਤੇ ਹਨ।

ਸਥਾਨਕ ਸਿਵਲ ਹਸਪਤਾਲ ਵਿਖੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਸਮੇਤ ਡਾਕਟਰਾਂ ਨੂੰ ਨਿਯੁਕਤੀ ਪੱਤਰ ਸੌਂਪਣ ਉਪਰੰਤ ਲੋਕਲ ਬਾਡੀਜ਼ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਨ੍ਹਾਂ ਦੀ ਨਿਯੁਕਤੀ ਨਾਲ ਸਿਵਲ ਹਸਪਤਾਲ ਅਤੇ ਸਬ-ਡਵੀਜ਼ਨਾਂ ਵਿਖੇ ਸਰਕਾਰੀ ਹਸਪਤਾਲਾਂ ਵਿਚ ਹੋਰ ਵੀ ਬਿਹਤਰ ਢੰਗ ਨਾਲ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਨ੍ਹਾਂ 24 ਡਾਕਟਰਾਂ ਵਿਚੋਂ 8 ਸਿਵਲ ਹਸਪਤਾਲ ਹੁਸ਼ਿਆਰਪੁਰ, 4 ਸਬ-ਡਵੀਜ਼ਨ ਹਸਪਤਾਲ ਗੜ੍ਹਸ਼ੰਕਰ, 5 ਦਸੂਹਾ ਅਤੇ 2 ਮੁਕੇਰੀਆਂ ਵਿਖੇ ਤਾਇਨਾਤ ਹੋਣਗੇ ਤਾਂ ਜੋ ਲੋਕਾਂ ਨੂੰ ਲੋੜੀਂਦੇ ਇਲਾਜ ਦੇ ਨਾਲ-ਨਾਲ ਸਿਹਤ ਸਹੂਲਤਾਂ ਮਿਲ ਸਕਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸਿਹਤ ਸੇਵਾਵਾਂ ਦੇ ਖੇਤਰ ਵਿਚ ਪੰਜਾਬ ਨੇ ਵੱਡੀਆਂ ਪੁਲਾਂਘਾਂ ਪੁੱਟਦਿਆਂ ਬਾਕੀ ਸੂਬਿਆਂ ਲਈ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿਚ ਵੀ ਕ੍ਰਾਂਤੀਕਾਰੀ ਕਦਮ ਚੁੱਕੇ ਗਏ ਹਨ ਅਤੇ ਪਿਛਲੇ ਢਾਈ ਸਾਲ ਦੌਰਾਨ 50 ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਵਿਚ ਭਰਤੀ ਕੀਤਾ ਗਿਆ ਹੈ।

ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਅਤੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਸਿਵਲ ਹਸਪਤਾਲ ਵਿਖੇ ਨਵੇਂ ਨਿਯੁਕਤ ਡਾਕਟਰਾਂ ਨੂੰ ਹਾਊਸ ਸਰਜਨ ਵਜੋਂ ਨਿਯੁਕਤ ਪੱਤਰ ਸੌਂਪਦੇ ਹੋਏ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਪਣੇ ਵਲੋਂ ਇਨ੍ਹਾਂ ਡਾਕਟਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੇ ਸੱਦਾ ਦਿੱਤਾ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ, ਮਿਹਨਤ, ਲਗਨ ਅਤੇ ਮੁਹਾਰਤੀ ਵਚਨਬੱਧਤਾ ਨਾਲ ਕਰਨ ਤਾਂ ਜੋ ਆਮ ਲੋਕਾਂ ਨੂੰ ਹੋਰ ਵੀ ਵਧੀਆ ਢੰਗ ਨਾਲ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ 900 ਦੇ ਕਰੀਬ ਆਮ ਆਦਮੀ ਕਲੀਨਿਕ ਸਥਾਪਿਤ ਕਰਕੇ ਕਰੋੜਾਂ ਲੋਕਾਂ ਨੂੰ ਘਰਾਂ ਦੇ ਨੇੜੇ ਹੀ ਮੁਢਲੀਆਂ ਸਿਹਤ ਸੇਵਾਵਾਂ ਦੀ ਸਹੂਲਤ ਮੁਹੱਈਆ ਕਰਵਾ ਕੇ ਸਿਹਤ ਖੇਤਰ ਵਿਚ ਵੱਡੀ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਅਤੇ ਹਸਪਤਾਲ ਵਿਖੇ ਬਨਣ ਵਾਲੀ ਨਵੀਂ ਲੈਬਾਰਟਰੀ ਰਾਹੀਂ ਲੋਕਾਂ ਨੂੰ 80 ਦੇ ਕਰੀਬ ਵੱਖ-ਵੱਖ ਟੈਸਟਾਂ ਦੀ ਮੁਫ਼ਤ ਸਹੂਲਤ ਮਿਲੇਗੀ।

ਨਵੇਂ ਤਾਇਨਾਤ ਕੀਤੇ ਹਾਊਸ ਸਰਜਨਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੂਰੀ ਸਮਰਪਣ ਭਾਵਨਾ ਨਾਲ ਸਿਹਤ ਸੇਵਾਵਾਂ ਦੇਣਾ ਯਕੀਨੀ ਬਣਾਉਣਗੇ। ਇਸ ਮੌਕੇ ਸਿਵਲ ਸਰਜਨ ਡਾ. ਪਵਨ ਸ਼ਗੋਤਰਾ, ਸਹਾਇਕ ਸਿਵਲ ਸਰਜਨ ਡਾ. ਕਮਲੇਸ਼, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਬੰਸ ਕੌਰ, ਡੀ.ਆਈ.ਓ ਸੀਮਾ ਗਰਗ, ਡੀ.ਐਫ.ਪੀ.ਓ ਡਾ. ਅਨੀਤਾ, ਡੀ.ਐਚ.ਓ. ਡਾ. ਜਤਿੰਦਰ ਭਾਟੀਆ, ਐਸ.ਐਮ.ਓਜ਼ ਡਾ. ਸਵਾਤੀ ਅਤੇ ਡਾ. ਕੁਲਦੀਪ ਸਿੰਘ ਆਦਿ ਵੀ ਮੌਜੂਦ ਸਨ।

# ਸੀਟੀ ਇੰਸਟੀਚਿਊਟ ਆਫ਼ ਲਾਅ ਨੇ ਕਾਨੂੰਨੀ ਕੁਇਜ਼ ਅਤੇ ਬਹਿਸ ਮੁਕਾਬਲੇ ਨਾਲ ਸੰਵਿਧਾਨ ਦਿਵਸ ਮਨਾਇਆ

**ਜਲੰਧਰ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਟੀ ਇੰਸਟੀਚਿਊਟ ਆਫ਼ ਲਾਅ, ਸਾਊਥ ਕੈਂਪਸ, ਸ਼ਾਹਪੁਰ, ਨੇ ਭਾਰਤੀ ਸੰਵਿਧਾਨ ਦੇ ਸਨਮਾਨ ਲਈ ਇੱਕ ਕਾਨੂੰਨੀ ਕੁਇਜ਼ ਅਤੇ ਬਹਿਸ ਮੁਕਾਬਲੇ ਦੀ ਮੇਜ਼ਬਾਨੀ ਕਰਦੇ ਹੋਏ ਸੰਵਿਧਾਨ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ। ਸਮਾਗਮ ਨੇ ਕਾਨੂੰਨੀ ਸਿੱਖਿਆ ਅਤੇ ਨਾਗਰਿਕ ਪ੍ਰਤੀ ਸੰਸਥਾ ਦੀ ਵਚਨਬੱਧਤਾ ਨੂੰ ਪ੍ਰਦਰਸ਼ਿਤ ਕੀਤਾ

ਸ੍ਰੀ ਰਾਹੁਲ ਕੁਮਾਰ ਆਜ਼ਾਦ, ਸੀ.ਜੇ.ਐਮ.ਕਮ-ਸਕੱਤਰ, ਡੀ.ਐਲ.ਐਸ.ਏ., ਜਲੰਧਰ ਦੀ ਹਾਜ਼ਰੀ ਨੇ ਇਸ ਮੌਕੇ ਦਾ ਮਾਣ ਵਧਾਇਆ। ਇਹਨਾਂ ਰੁਝੇਵਿਆਂ ਦੀਆਂ ਗਤੀਵਿਧੀਆਂ ਰਾਹੀਂ, ਭਾਗੀਦਾਰਾਂ ਨੇ ਭਾਰਤੀ ਸੰਵਿਧਾਨ ਦੀ ਮਹੱਤਤਾ, ਕਾਨੂੰਨ ਦੇ ਰਾਜ ਨੂੰ ਬਰਕਰਾਰ ਰੱਖਣ ਅਤੇ ਜਮਹੂਰੀ ਆਦਰਸ਼ਾਂ ਦੀ ਰੱਖਿਆ ਦੇ ਮਹੱਤਵ ਨੂੰ ਹੋਰ ਮਜ਼ਬੂਤ ਕਰਨ ਲਈ ਕੀਮਤੀ ਸਮਝ ਪ੍ਰਾਪਤ ਕੀਤੀ।

ਸੀਟੀ ਇੰਸਟੀਚਿਊਟ ਆਫ਼ ਲਾਅ ਦੇ ਪ੍ਰਿੰਸੀਪਲ ਡਾ. ਮਾਨਵ ਢੀਂਡਸਾ ਨੇ ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕੀਤੇ: ਸੰਵਿਧਾਨ ਦਿਵਸ ਸਾਡੇ ਸੰਵਿਧਾਨ ਵਿੱਚ ਦਰਜ ਮੁੱਲਾਂ ਦੀ ਯਾਦ ਦਿਵਾਉਂਦਾ ਹੈ, ਜੋ ਸਾਡੇ ਲੋਕਤੰਤਰ ਦਾ ਮਾਰਗਦਰਸ਼ਨ ਕਰਦੇ ਹਨ। ਸੀਟੀ ਇੰਸਟੀਚਿਊਟ ਆਫ਼ ਲਾਅ ਵਿਖੇ, ਅਸੀਂ ਆਪਣੇ ਵਿਦਿਆਰਥੀਆਂ ਨੂੰ ਨਾ ਸਿਰਫ਼ ਕਾਨੂੰਨੀ ਸਿਧਾਂਤਾਂ ਵਿੱਚ ਸਗੋਂ ਸਾਰਿਆਂ ਲਈ ਨਿਆਂ ਅਤੇ ਸਮਾਨਤਾ ਨੂੰ ਬਰਕਰਾਰ ਰੱਖਣ ਦੇ ਫਰਜ਼ ਵਿੱਚ ਵੀ ਸਿੱਖਿਆ ਦੇਣ ਵਿੱਚ ਮਾਣ ਮਹਿਸੂਸ ਕਰਦੇ ਹਾਂ।

# ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਤੇ ਹੋਰ ਗਤੀਵਿਧੀਆ ਵੱਲ ਵੀ ਵਿਸ਼ੇਸ਼ ਰੁਚੀ ਦਿਖਾਉਣੀ ਚਾਹੀਦੀ ਹੈ: ਡਿਪਟੀ ਕਮਿਸ਼ਨਰ

## ਜਵਾਹਰ ਨਵੋਦਿਆ ਵਿਦਿਆਲਿਆ ਸੰਧੂਆਂ ਵਿਖੇ ਕਰਵਾਏ ਜਾ ਰਹੇ ਖੇਤਰੀ ਏਕਤਾ ਮੀਟਿੰਗ-2024 ਦੇ ਦੂਜੇ ਦਿਨ ਡਿਪਟੀ ਕਮਿਸ਼ਨਰ ਨੇ ਕੀਤੀ ਸ਼ਿਰਕਤ

**ਰੂਪ ਨਗਰ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਐਮ.ਸ਼੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਸੰਧੂਆਂ ਦੀ ਅਗਵਾਈ ਹੇਠ, ਨਵੋਦਿਆ ਵਿਦਿਆਲਿਆ ਸਮਿਤੀ ਵੱਲੋਂ ਵਿਦਿਆਲਿਆ ਪਰਿਸਰ ਵਿੱਚ 2 ਦਿਨਾਂ ਖੇਤਰੀ ਏਕਤਾ ਮੀਟਿੰਗ-2024 ਦਾ ਆਯੋਜਨ ਕੀਤਾ ਗਿਆ ਜਿਸ ਦੇ ਦੂਜੇ ਦਿਨ ਮੁੱਖ ਮਹਿਮਾਨ ਵਜੋਂ ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਵੱਲੋਂ ਸ਼ਿਰਕਤ ਕੀਤੀ ਗਈ ਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ।

ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ ਨੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਤੇ ਹੋਰ ਗਤੀਵਿਧੀਆ ਵੱਲ ਵੀ ਵਿਸ਼ੇਸ਼ ਰੁਚੀ ਦਿਖਾਉਣੀ ਚਾਹੀਦੀ ਹੈ ਕਿਉਂਕਿ ਖੇਡਾਂ ਸਾਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਮਜ਼ਬੂਤ ਕਰਦੀਆਂ ਹਨ ਤੇ ਹੋਰ ਗਤੀਵਿਧੀਆਂ ਸਾਡੇ ਹੁਨਰ ਨੂੰ ਨਿਖਾਰਦੀਆਂ ਹਨ। ਉਨ੍ਹਾਂ ਬੱਚਿਆਂ ਨੂੰ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ, ਇਸ ਲਈ ਪੂਰੀ ਤਨਦੇਹੀ ਨਾਲ ਮਿਹਨਤ ਕਰੋਂ ਅਤੇ ਸੂਬੇ ਤੇ ਦੇਸ਼ ਨੂੰ ਹੋਰ ਬੁਲੰਦੀਆਂ ਤੱਕ ਪਹੁੰਚਾਉਣ ਵਿੱਚ ਆਪਣਾ ਯੋਗਦਾਨ ਦਿਓ।

ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ ਨੇ ਪੀ.ਐਮ.ਸ਼੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਸੰਧੂਆਂ ਵੱਲੋਂ ਇਸ ਸਮਾਗਮ ਲਈ ਕੀਤੇ ਗਏ ਪ੍ਰਬੰਧਾਂ ਦੀ ਪ੍ਰਸ਼ੰਸ਼ਾ ਵੀ ਕੀਤੀ ਗਈ।

ਡਿਪਟੀ ਕਮਿਸ਼ਨਰ ਵੱਲੋਂ ਸਹਾਇਕ ਕਮਿਸ਼ਨਰ ਐਨਵੀਐਸ ਖੇਤਰੀ ਦਫਤਰ, ਚੰਡੀਗੜ੍ਹ, ਸਥਾਨਕ ਪ੍ਰਿੰਸੀਪਲ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਸ਼੍ਰੀ ਕਰਨ ਮਹਿਤਾ ਅਤੇ ਹੋਰ ਪਤਵੰਤਿਆਂ ਦੇ ਨਾਲ 'ਆਰਟ ਗੈਲਰੀ' ਦਾ ਦੌਰਾ ਕੀਤਾ ਜਿਸ ਵੱਖ-ਵੱਖ ਕਲਾ ਨੂੰ ਦਰਸਾਉਂਦੀਆਂ ਵਿਦਿਆਥੀਆਂ ਦੁਆਰਾ ਤਿਆਰ ਕੀਤੀਆਂ ਗਈਆਂ ਪੇਂਟਿੰਗਾਂ ਅਤੇ ਪ੍ਰਦਰਸ਼ਨੀਆਂ ਨੂੰ ਵਿਸਥਾਰਪੂਰਵਕ ਦੇਖਿਆ ਗਿਆ, ਜਿਸ ਨੂੰ ਡਿਪਟੀ ਕਮਿਸ਼ਨਰ ਵੱਲੋਂ ਬਹੁਤ ਪਸੰਦ ਕੀਤਾ ਗਿਆ ਤੇ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕੀਤੀ ਗਈ। ਇਸ ਸਮਾਗਮ ਦੌਰਾਨ ਵਿਦਿਆਲਿਆ ਦੀਆਂ ਵਿਦਿਆਰਥਣਾਂ ਵੱਲੋਂ ਮੁੱਖ ਮਹਿਮਾਨ, ਪਤਵੰਤੇ ਸੱਜਣਾਂ ਅਤੇ ਸਾਰੇ ਪ੍ਰਤੀਯੋਗੀਆਂ ਦਾ ਸਨਮਾਨ ਕਰਨ ਲਈ ਸਵਾਗਤੀ ਗੀਤ ਪੇਸ਼ ਕੀਤਾ ਗਿਆ। ਇਸ ਸਮਾਗਮ ਵਿੱਚ ਕੁੱਲ 237 ਵਿਦਿਆਰਥੀ (156 ਲੜਕੀਆਂ ਅਤੇ 81 ਲੜਕੇ) 3 ਰਾਜਾਂ ਹਿਮਾਚਲ ਪ੍ਰਦੇਸ਼, ਜੰਮੂ ਤੇ ਕਸ਼ਮੀਰ ਅਤੇ ਪੰਜਾਬ ਨੇ ਭਾਗ ਲਿਆ। ਅਸਿਸਟੈਂਟ ਕਮਿਸ਼ਨਰ ਐਨ.ਵੀ.ਐਸ. ਆਰ.ਓ. ਚੰਡੀਗੜ੍ਹ, ਸ਼੍ਰੀ ਆਰ ਕੇ ਵਰਮਾ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਇਸ ਮੌਕੇ ਨੂੰ ਖੁਸ਼ ਕਰਨ ਲਈ ਆਪਣੇ ਰੁਝੇਵਿਆਂ ਭਰੇ ਕਾਰਜਕ੍ਰਮ ਵਿੱਚੋਂ ਕੁਝ ਸਮਾਂ ਕੱਢਣ ਲਈ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਜ਼ਿਲ੍ਹਾ ਤਰਨ ਤਾਰਨ ਦੀਆਂ ਮੰਡੀਆਂ ਵਿੱਚ 9,27,879 ਮੀਟ੍ਰਿਕ ਟਨ ਝੋਨੇ ਦੀ ਆਮਦ : ਡਿਪਟੀ ਕਮਿਸ਼ਨਰ

**ਤਰਨ ਤਾਰਨ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਖਰੀਦ ਕੇਂਦਰਾਂ ਵਿੱਚ ਝੋਨੇ ਦੀ ਖਰੀਦ ਪ੍ਰਕਿਰਿਆ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਜਾਰੀ ਹੈ ਅਤੇ ਹੁਣ ਤੱਕ ਜ਼ਿਲ੍ਹਾ ਤਰਨ ਤਾਰਨ ਦੀਆਂ ਮੰਡੀਆਂ ਵਿੱਚ 9,27,879 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿਚੋਂ 9,27,871 ਮੀਟ੍ਰਿਕ ਟਨ ਝੋਨੇ ਦੀ ਖਰੀਦ ਵੱਖ-ਵੱਖ ਏਜੰਸੀਆਂ ਵੱਲੋਂ ਕੀਤੀ ਜਾ ਚੁੱਕੀ ਹੈ।

ਉਹਨਾਂ ਦੱਸਿਆ ਕਿ 25 ਨਵੰਬਰ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਪਨਗਰੇਨ ਵੱਲੋਂ 4,26,485 ਮੀਟਰਿਕ ਟਨ, ਮਾਰਕਫੈੱਡ ਵੱਲੋਂ 2,12,805 ਮੀਟਰਿਕ ਟਨ, ਪਨਸਪ ਵੱਲੋਂ 1,80,471 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਕਾਰਪੋਰੇਸ਼ਨ ਵੱਲੋਂ 1,06,609 ਮੀਟਰਿਕ ਟਨ ਅਤੇ ਵਪਾਰੀਆਂ ਵੱਲੋਂ 1501 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਹੁਣ ਤੱਕ ਖਰੀਦ ਕੀਤੀ ਗਈ ਫਸਲ ਦੀ ਜ਼ਿਲ੍ਹੇ ਦੇ ਕਿਸਾਨਾਂ ਨੂੰ 2101 ਕਰੋੜ 88 ਲੱਖ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਦੀਆਂ ਸਮੂਹ ਮੰਡੀਆਂ ਵਿੱਚੋਂ ਖਰੀਦ ਕੀਤੇ ਗਏ ਝੋਨੇ ਦੀ ਚੁਕਾਈ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਖਰੀਦ ਕੀਤੇ ਗਏ ਝੋਨੇ ਦੀ ਅਦਾਇਗੀ ਕਿਸਾਨਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 48 ਘੰਟਿਆਂ ਵਿੱਚ ਕਰਨੀ ਯਕੀਨੀ ਬਣਾਈ ਜਾਵੇ। ਉਹਨਾਂ ਦੱਸਿਆ ਕਿ ਮੰਡੀਆਂ ਵਿੱਚੋਂ ਖਰਦੀ ਕੀਤੇ ਗਏ 9,18,896 ਮੀਟਰਿਕ ਟਨ ਝੋਨੇ ਦੀ ਚੁਕਾਈ ਮੰਡੀਆਂ ਵਿੱਚੋਂ ਕੀਤੀ ਜਾ ਚੁੱਕੀ ਹੈ।

ਉਹਨਾਂ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਮੰਡੀਆਂ ਵਿੱਚੋਂ ਖਰੀਦ ਕੀਤੇ ਗਏ ਝੋਨੇ ਦੀ ਚੁਕਾਈ ਨਾਲ ਦੀ ਨਾਲ ਕੀਤੀ ਜਾਵੇ ਅਤੇ ਮੰਡੀਆਂ ਵਿੱਚ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿੱਚ ਕੋਈ ਪਰੇਸ਼ਾਨੀ ਨਾ ਆਵੇ। ਉਹਨਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਮੂਹ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

# ਡਿਪਟੀ ਕਮਿਸਨਰ ਦੀ ਪ੍ਰਧਾਨਗੀ ਹੇਠ ਹੋਈ ਨੈਸਨਲ ਡਿਵਰਮਿੰਗ ਡੇ ਅਤੇ ਪਲਸ ਪੋਲੀਓ ਮੁਹਿੰਮ ਸਬੰਧੀ ਜ਼ਿਲ੍ਹਾ ਟਾਸਕ ਫੋਰਸ ਦੀ ਵਿਸ਼ੇਸ ਮੀਟਿੰਗ

**ਤਰਨ ਤਾਰਨ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਤਰਨ ਤਰਨ ਦੇ ਡਿਪਟੀ ਕਮਿਸਨਰ ਸ੍ਰੀ ਰਾਹੁਲ ਆਈ. ਏ. ਐੱਸ. ਦੀ ਪ੍ਰਧਾਨਗੀ ਹੇਠ ਨੈਸਨਲ ਡਿਵਰਮਿੰਗ ਡੇ ਅਤੇ ਆਗਾਮੀ ਪਲਸ ਪੋਲੀਓ ਮੁਹਿੰਮ ਦੇ ਮੱਦੇਨਜਰ ਜ਼ਿਲਾ ਟਾਸਕ ਫੋਰਸ ਦੀ ਅਹਿਮ ਮੀਟਿੰਗ ਅੱਜ ਜ਼ਿਲਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਹੋਈ। ਇਸ ਮੀਟਿੰਗ ਦੇ ਵਿੱਚ ਸਿਹਤ ਵਿਭਾਗ, ਸਿੱਖਿਆ ਵਿਭਾਗ, ਬਾਲ ਵਿਕਾਸ ਵਿਭਾਗ ਤੋਂ ਇਲਾਵਾ ਹੋਰ ਸਰਕਾਰੀ ਅਦਾਰਿਆਂ ਦੇ ਨੁਮਾਇੰਦਿਆਂ ਵੱਲੋਂ ਹਿੱਸਾ ਲਿਆ ਗਿਆ।

ਇਸ ਮੌਕੇ ਡਿਪਟੀ ਕਮਿਸਨਰ ਸ੍ਰੀ ਰਾਹੁਲ ਨੇ ਅਧਿਕਾਰੀਆਂ ਨੂੰ ਦਿਸਾ ਨਿਰਦੇਸ ਦਿੰਦਿਆਂ ਕਿਹਾ ਕਿ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਦੇ ਲਈ ਨੈਸਨਲ ਡਿਵੋਰਮਿੰਗ ਡੇ ਅਤੇ ਪਲਸ ਪੋਲੀਓ ਮੁਹਿੰਮ ਸਿਹਤ ਵਿਭਾਗ ਦੇ ਬਹੁਤ ਹੀ ਅਹਿਮ ਪ੍ਰੋਗਰਾਮ ਹਨ। ਉਹਨਾਂ ਦੱਸਿਆ ਕਿ 28 ਨਵੰਬਰ ਨੂੰ ਨੈਸਨਲ ਡੀ ਵਾਰਮਿੰਗ ਦੇ ਮਨਾਇਆ ਜਾਵੇਗਾ, ਜਿਸ ਤਹਿਤ ਜ਼ਿਲ੍ਹੇ ਦੇ ਸਾਰੇ ਹੀ ਸਰਕਾਰੀ ਅਤੇ ਨਿੱਜੀ ਸਕੂਲਾਂ ਦੇ ਵਿੱਚ ਵਿਦਿਆਰਥੀਆਂ ਨੂੰ ਅਧਿਆਪਕਾਂ ਅਤੇ ਸਿਹਤ ਕਰਮੀਆਂ ਦੀ ਦੇ

# ਗੁਰਦੁਆਰਾ ਮਾਤਾ ਸਾਹਿਬ ਕੌਰ, ਮਾਤਾ ਸੁੰਦਰ ਕੌਰ ਜੀ

**ਕੁਲਦੀਪ ਸਿੰਘ ਬੰਗੀ**

ਇਹ ਇਤਿਹਾਸਕ ਅਸਥਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਬਿਲਕੁਲ ਨਜ਼ਦੀਕ ਪਿਛਲੇ ਪਾਸੇ ਸਥਿਤ ਹੈ। ਦੱਸਿਆ ਜਾਂਦਾ ਹੈ ਕਿ ਪਰਿਵਾਰ ਵਿਛੋੜੇ ਤੋਂ ਬਾਅਦ ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰ ਕੌਰ ਜੀ ਭਾਈ ਮਨੀ ਸਿੰਘ ਨਾਲ ਗੁਰੂ ਜੀ ਨੂੰ ਮਿਲੇ ਸਨ। ਇਥੇ ਹੀ ਮਾਤਾਵਾਂ ਵੱਲੋਂ ਸਾਹਿਬਜ਼ਾਦਿਆਂ ਬਾਰੇ ਪੁੱਛਣ 'ਤੇ ਗੁਰੂ ਜੀ ਨੇ ਸਿੱਖ ਸੰਗਤਾਂ ਵੱਲ ਇਸ਼ਾਰਾ ਕਰਕੇ ਫੁਰਮਾਇਆ ਸੀ ਕਿ :

'ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ,
ਚਾਰ ਮੁਏ ਤੋ ਕਿਆ ਭਯਾ ਜੀਵਤ ਕਈ ਹਜ਼ਾਰ'

ਇਸ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਹੀ ਨਵੀਂ ਉਸਾਰੀ ਅਧੀਨ ਗੁਰਦੁਆਰਾ ਬਾਬਾ ਬੀਰ ਸਿੰਘ ਧੀਰ ਸਿੰਘ ਦੁਬਾਰਾ ਬਣ ਰਿਹਾ ਹੈ ਜਿਸ ਨੂੰ ਸ਼ਹੀਦ ਗੰਜ ਵਜੋਂ ਵੀ ਜਾਣਿਆ ਜਾਂਦਾ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਬੰਦੂਕ ਦਾ ਨਿਸ਼ਾਨਾ ਪਰਖਣ ਲਈ ਦਮਦਮੇ 'ਤੇ ਖੜ੍ਹ ਕੇ ਲਾਡਲੀਆਂ ਫ਼ੌਜਾਂ ਨੂੰ ਆਵਾਜ਼ ਮਾਰੀ ਤਾਂ ਇਹ ਦੋ ਸਿੰਘ ਬਾਬਾ ਬੀਰ ਸਿੰਘ, ਬਾਬਾ ਧੀਰ ਸਿੰਘ ਜੀ ਬੰਦੂਕ ਦੇ ਨਿਸ਼ਾਨੇ ਅੱਗੇ ਇਸ ਅਸਥਾਨ ਉਪਰ ਆ ਖੜ੍ਹੇ ਹੋਏ ਜੋ ਕਿ ਗੁਰੂ ਜੀ ਨੇ ਆਪਣੀਆਂ ਫ਼ੌਜਾਂ, ਸਿੰਘਾਂ ਨੂੰ ਪਰਖਣ ਦਾ ਇਕ ਕੌਤਕ ਰਚਿਆ ਸੀ।

ਦੇਸ਼ ਵਿਦੇਸ਼ ਦੀਆਂ ਸੰਗਤਾਂ ਇਸ ਪਵਿੱਤਰ ਅਸਥਾਨ 'ਤੇ ਵਿਸ਼ੇਸ਼ ਤੌਰ 'ਤੇ ਸਿਜਦਾ ਕਰਨ ਆਉਂਦੀਆਂ ਹਨ ਅਤੇ ਆਪਣੀ ਸੰਤਾਨ ਨੂੰ ਗੁਰੂ ਸਾਹਿਬ ਵੱਲੋਂ ਦਿੱਤੀਆਂ ਕੁਰਬਾਨੀਆਂ ਬਾਰੇ ਭਰਪੂਰ ਜਾਣਕਾਰੀ ਦਿੰਦੀਆਂ ਹਨ।

94174-07778

## ਯਿਸੂ ਚਾਹੁੰਦੇ ਸਨ ਧਾਰਮਿਕ ਅਧਿਆਪਕ ਬਣਨਾ

***ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।***

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*

ਜਿਨ 4 ਦੇ ਇਸੇ ਸਾਲ ਦੌਰਾਨ ਹੀ ਪੂਰੇ ਦੋ ਮਹੀਨਿਆਂ ਤਕ ਯਿਸੂ ਨੇ ਆਪਣੇ ਮਾਮੇ ਨਾਲ ਗਲੀਲ ਦੇ ਸਮੁੰਦਰ ਵਿਚ ਮੱਛੀਆਂ ਫੜਨ ਦਾ ਤਜਰਬਾ ਹਾਸਲ ਕੀਤਾ ਸੀ। ਇਸ ਕੰਮ ਵਿਚ ਵੀ ਉਹ ਬਹੁਤ ਸਫ਼ਲ ਰਹੇ ਸਨ ਕਿਉਂਕਿ ਉਹ ਹਰ ਕੰਮ ਨੂੰ ਪਹਿਲਾਂ ਸਮਝਦੇ ਸਨ, ਫਿਰ ਕਰਦੇ ਸਨ। ਪੂਰਨ ਬਾਲਗ਼ ਭਾਵ ਬਾਲਗ਼ ਹੋਣ ਤਕ ਯਿਸੂ ਇਕ ਮਾਹਿਰ ਮਛੇਰੇ ਵੀ ਬਣ ਚੁੱਕੇ ਸਨ (ਯੂਰੈਸ਼ੀਆ-124 2.7)

ਇਸ ਵਰ੍ਹੇ ਵੀ ਯਿਸੂ ਆਪਣੇ ਸਕੂਲ ਵਿਚ ਸਭ ਤੋਂ ਅੱਗੇ ਰਹੇ। ਆਪਣੇ ਸਾਰੇ ਦੁਨਿਆਵੀ ਭਰਾਵਾਂ-ਭੈਣਾਂ ਨਾਲ ਵੀ ਉਹ ਸਦਾ ਹੱਸਦੇ-ਖੇਡਦੇ ਰਹਿੰਦੇ ਸਨ। ਉਨ੍ਹਾਂ ਤੋਂ ਛੋਟੇ ਦੁਨਿਆਵੀ ਭਰਾ ਜੇਮਸ (ਯਾਕੂਬ) ਉਨ੍ਹਾਂ ਤੋਂ ਸਾਢੇ ਤਿੰਨ ਸਾਲ ਛੋਟੇ ਸਨ। ਯਿਸੂ ਜੇ ਕਦੇ ਆਪਣੇ ਭਰਾਵਾਂ-ਭੈਣਾਂ ਨਾਲ ਖੇਡਦੇ ਵੀ ਸਨ, ਤਾਂ ਉਹ ਖੇਡਾਂ ਵੀ ਕੁਝ ਗੰਭੀਰ ਤੇ ਸੋਚ-ਵਿਚਾਰ ਕਰਦਿਆਂ ਅੱਗੇ ਵਧਣ ਨਾਲ ਸਬੰਧਤ ਹੁੰਦੀਆਂ ਸਨ। ਉਹ ਕਿਉਂਕਿ ਜਨਮ ਤੋਂ ਹੀ ਇਕ ਅਧਿਆਪਕ ਤੇ ਉਪਦੇਸ਼ਕ ਵਾਂਗ ਸਨ, ਇਸੇ ਲਈ ਉਹ ਆਪਣੇ ਨਾਲ ਖੇਡਣ ਵਾਲੇ ਹੋਰ ਬੱਚਿਆਂ ਨੂੰ ਵੀ ਖੇਡ-ਖੇਡ ਵਿਚ ਵੀ ਚੰਗੇ ਆਦਰਸ਼ਾਂ ਤੇ ਸਿਧਾਂਤਾ ਉੱਤੇ ਚੱਲਣ ਦਾ ਹੀ ਉਪਦੇਸ਼ ਦਿੰਦੇ ਸਨ (ਯੂਰੈਸ਼ੀਆ-124 2.8)

ਪਿਤਾ ਯੂਸਫ਼ ਵੀ ਯਿਸੂ ਨੂੰ ਸਦਾ ਵਧੀਆ ਢੰਗ ਨਾਲ ਜੀਵਨ ਬਤੀਤ ਕਰਨ ਦੇ ਤਰੀਕੇ ਸਿਖਾਉਂਦੇ ਸਨ। ਪਿਤਾ ਦਾ ਮੰਨਣਾ ਸੀ ਕਿ ਉਦਯੋਗ ਤੇ ਵਪਾਰ ਤੋਂ ਵੱਧ ਖੇਤੀਬਾੜੀ ਦੇ ਲਾਭ ਹਨ। ਗਲੀਲ ਜ਼ਿਲ੍ਹਾ ਯਹੂਦੀਆ ਤੋਂ ਵੱਧ ਸੁੰਦਰ ਤੇ ਖ਼ੁਸ਼ਹਾਲ ਸੀ। ਇੱਥੇ ਰਹਿਣ ਲਈ ਇਕ ਆਮ ਔਸਤ ਵਿਅਕਤੀ ਨੂੰ ਯੇਰੂਸਲੇਮ ਤੇ ਯਹੂਦੀਆ ਦੇ ਮੁਕਾਬਲੇ ਕੇਵਲ ਇਕ-ਚੌਥਾਈ ਧਨ ਘੱਟ ਖ਼ਰਚ ਕਰਨਾ ਪੈਂਦਾ ਸੀ। ਇਸੇ ਲਈ ਗਲੀਲ ਦੇ ਲੋਕ ਵੱਧ ਖ਼ੁਸ਼ਹਾਲ ਸਨ (ਯੂਰੈਸ਼ੀਆ-124 2.9)

ਗਲੀਲ ਦੀ ਝੀਲ ਉੱਤੇ ਚੱਲਣ ਵਾਲੇ ਮੱਛੀ ਉਦਯੋਗ ਨੂੰ ਪਹਿਲੀ ਵਾਰ ਵੇਖਣ ਲਈ ਯਿਸੂ ਆਪਣੇ ਪਿਤਾ ਨਾਲ ਇਸੇ ਸਾਲ ਹੀ ਗਏ ਸਨ। ਪਹਿਲਾਂ ਯਿਸੂ ਨੇ ਵੀ ਮਛੇਰਾ ਬਣਨ ਬਾਰੇ ਸੋਚਿਆ ਸੀ, ਫਿਰ ਉਸ ਤੋਂ ਬਾਅਦ ਉਨ੍ਹਾਂ ਆਪਣੇ ਦੁਨਿਆਵੀ ਪਿਤਾ ਦੇ ਪ੍ਰਭਾਵ ਕਾਰਨ ਤਰਖਾਣ ਦਾ ਕੰਮ ਕਰਨਾ ਵੱਧ ਪਸੰਦ ਕੀਤਾ ਸੀ। ਪਰ ਫਿਰ ਬਾਅਦ ਵਿਚ



ਉਨ੍ਹਾਂ ਇਕ ਨਵੀਂ ਵਿਵਸਥਾ ਦਾ ਧਾਰਮਿਕ ਅਧਿਆਪਕ ਬਣਨ ਦਾ ਫ਼ੈਸਲਾ ਲਿਆ ਸੀ (ਯੂਰੈਸ਼ੀਆ-124 2.10)

ਸੰਨ 5 (ਭਾਵ ਅੱਜ ਤੋਂ 2012 ਸਾਲ ਪਹਿਲਾਂ) 'ਚ ਯਿਸੂ 11ਵੇਂ ਸਾਲ ਵਿਚ ਦਾਖ਼ਲ ਹੋ ਗਏ ਸਨ। ਇਸੇ ਵਰ੍ਹੇ ਯਿਸੂ ਨੇ ਆਪਣੇ ਪਿਤਾ ਨਾਲ ਦੂਰ-ਦੁਰਾਡੇ ਦੀਆਂ ਯਾਤਰਾਵਾਂ ਦਾ ਸਿਲਸਿਲਾ ਜਾਰੀ ਰੱਖਿਆ ਸੀ। ਸੈਗਡ਼ਾਲਾ ਸਥਿਤ ਆਪਣੇ ਮਾਮੇ ਦੇ ਫ਼ਾਰਮ-ਹਾਊਸ ਉੱਤੇ ਵੀ ਉਹ ਅਕਸਰ ਜਾਂਦੇ ਰਹਿੰਦੇ ਸਨ। ਉਨ੍ਹਾਂ ਦੇ ਮਾਮੇ ਦੀ ਮੱਛੀ ਉਦਯੋਗ ਵਿਚ ਬਹੁਤ ਦਿਲਚਸਪੀ ਸੀ (ਯੂਰੈਸ਼ੀਆ-124 3.1)

*ਅਨੁਵਾਦ -ਮਹਿਤਾਬ-ਉਦ-ਦੀਨ*

# ਕਲਗੀਆਂ ਵਾਲੇ ਵੱਲੋਂ ਪਾਈ ਪਾਤਸ਼ਾਹੀ ਪੰਜਵੀਂ ਦੀ ਬਾਤ

ਤਿੰਨ ਸੌ ਬਿਆਲੀ (342) ਸਾਲ ਪਹਿਲਾਂ 1675 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਸਿੱਖ ਧਰਮ ਦੀ ਗੁਰੂ ਲੜੀ ਵਿਚ ਦਸਵਾਂ ਤੇ ਆਖਰੀ ਦੇਹਧਾਰੀ ਗੁਰੂ ਪ੍ਰਗਟਾਇਆ ਗਿਆ ਸੀ। ਇਹ ਬਖਸ਼ਿਸ਼ ਸਬੱਬ ਉਨ੍ਹਾਂ ਦੇ ਪਿਤਾ ਜੀ ਵੱਲੋਂ ਭਾਰਤ ਦੇਸ਼ ਅੰਦਰ ਧਾਰਮਿਕ ਵੰਨ-ਸੁਵੰਨਤਾ ਨੂੰ ਬਰਕਰਾਰ ਰੱਖਦਿਆਂ ਦਿੱਲੀ ਦੇ ਚਾਂਦਨੀ ਚੌਕ ਅੰਦਰ ਦਿੱਤੀ ਸ਼ਹਾਦਤ ਸੀ। ਇਹ ਸ਼ਹਾਦਤ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿਚ ਦਿੱਤੀ ਗਈ ਸੀ। ਇਸ ਸ਼ਹਾਦਤ ਦੀ ਬੁਨਿਆਦ ਗੁਰੂ ਤੇਗ ਬਹਾਦਰ ਜੀ ਦੇ ਬਾਬਾ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੜਦਾਦਾ ਜੀ, ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਵੱਲੋਂ ਲਾਹੌਰ ਵਿਖੇ ਦਿੱਤੀ ਸ਼ਹਾਦਤ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਗੁਰਤਾ ਗੱਦੀ ਨਾਲ ਇਨ੍ਹਾਂ ਸ਼ਹਾਦਤਾਂ ਨਾਲ ਡੂੰਘਾ ਰਿਸ਼ਤਾ ਹੈ। ਇਸ ਰਿਸ਼ਤੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਬਾਣੀਆਂ ਅੰਦਰ ਸਮੋਇਆ ਹੈ। ਉਨ੍ਹਾਂ ਦੇ ਗੁਰਤਾ ਗੱਦੀ ਦਿਵਸ ਦੇ ਸੰਦਰਭ ਵਿਚ ਉਸ ਨੂੰ ਵੀ ਯਾਦ ਕਰਨਾ ਯੋਗ ਹੋਵੇਗਾ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ਅੱਜ ਤੋਂ 350 ਸਾਲ ਪਹਿਲਾਂ ਹੋਇਆ ਸੀ। ਮਾਤਾ ਗੁਜਰੀ ਜੀ ਤੇ ਪਿਤਾ ਗੁਰੂ ਤੇਗ ਬਹਾਦਰ ਜੀ ਸਨ। ਗੁਰੂ ਜੀ ਨੂੰ 1675 ਈ: ਵਿਚ ਗੁਰਿਆਈ ਮਿਲੀ। ਉਸ ਸਮੇਂ ਉਨ੍ਹਾਂ ਦੀ ਉਮਰ 9 ਸਾਲ ਸੀ।

ਗੁਰੂ ਜੀ ਦੇ ਵਿਆਹ 1677 ਈ: ਵਿਚ ਮਾਤਾ ਜੀਤੋ ਜੀ ਨਾਲ, 1684 ਈ: ਵਿਚ ਮਾਤਾ ਸੁੰਦਰੀ ਜੀ ਨਾਲ ਤੇ 1700 ਈ: ਵਿਚ ਮਾਤਾ ਸਾਹਿਬ ਦੇਵਾਂ ਜੀ ਨਾਲ ਹੋਏ। ਮਾਤਾ ਜੀਤੋ ਜੀ ਤੇ ਮਾਤਾ ਸੁੰਦਰੀ ਜੀ ਤੋਂ ਗੁਰੂ ਜੀ ਦੇ ਗ੍ਰਹਿ ਵਿਖੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ, ਚਾਰ ਪੁੱਤਰਾਂ ਨੇ ਜਨਮ ਲਿਆ।

1699 ਈ: ਵਿਚ ਗੁਰੂ ਗੋਬਿੰਦ ਜੀ ਵੱਲੋਂ ਖ਼ਾਲਸਾ ਸਾਜਿਆ ਗਿਆ। ਉਨ੍ਹਾਂ ਨੇ ਕੇਸਗੜ੍ਹ,ਅਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ, ਫ਼ਤਹਿਗੜ੍ਹ ਆਦਿ ਕਿਲ੍ਹਿਆਂ ਦੀ ਉਸਾਰੀ ਕਰਵਾਈ।

ਗੁਰੂ ਜੀ ਤੇਗ਼ ਤੇ ਕਲਮ ਦੇ ਧਨੀ ਸਨ।

ਉਨ੍ਹਾਂ ਨੇ ਭੰਗਾਣੀ, ਚਮਕੌਰ, ਮੁਕਤਸਰ, ਨਦੌਣ, ਅਨੰਦਪੁਰ ਸਮੇਤ ਕੁਲ 14 ਯੁੱਧ ਲੜੇ।

ਗੁਰੂ ਜੀ ਦੇ ਪੜਦਾਦਾ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ। ਗੁਰੂ ਜੀ ਦੇ ਪਿਤਾ ਗੁਰੂ ਤੇਗ ਬਹਾਦਰ ਸਮੇਤ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਵੀ ਧਰਮ ਹੇਤ ਸ਼ਹਾਦਤ ਨੂੰ ਪ੍ਰਾਪਤ ਹੋਏ ਸਨ।

ਗੁਰੂ ਜੀ ਨੇ ਭਾਈ ਮਨੀ ਜੀ ਹੱਥੋਂ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਆਦਿ ਬੀੜ ਦੀ ਮੁੜ ਸੰਪਾਦਨਾ ਕਰਵਾਈ। 1708 ਈ: ਵਿਚ ਇਸੇ ਦਮਦਮੀ ਬੀੜ ਨੂੰ ਗੁਰੂ ਪਦਵੀ ਨਾਲ ਨਿਵਾਜਿਆ। ਖ਼ਾਲਸਾ ਪੰਥ ਨੂੰ ਸ਼ਬਦ ਗੁਰੂ ਬਖ਼ਸ਼ ਗੁਰੂ ਜੀ 1708 ਈ: ਵਿਚ ਹਜ਼ੂਰ ਸਾਹਿਬ (ਨੰਦੇੜ) ਵਿਖੇ ਜੋਤੀ-ਜੋਤ ਸਮਾ ਗਏ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਕਈ ਬਾਣੀਆਂ ਰਚੀਆਂ। ਅੱਜ ਇਹ ਲਿਖਤਾਂ ਦਸਮ ਗ੍ਰੰਥ ਦੇ ਰੂਪ ਵਿਚ ਪ੍ਰਾਪਤ ਹਨ।

ਗੁਰੂ ਜੀ ਵਲੋਂ ਲਿਖਵਾਏ ਕਈ ਗ੍ਰੰਥ ਅਨੰਦਪੁਰ ਛੱਡਣ ਸਮੇਂ ਸਰਸਾ ਨਦੀ ਵਿਚ ਰੁੜ੍ਹ ਗਏ ਮੰਨੇ ਜਾਂਦੇ ਹਨ। ਉਨ੍ਹਾਂ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਨੇ ਵਿਦਵਾਨ ਸਿੱਖਾਂ ਦੀ ਮਦਦ ਨਾਲ ਸ਼ਰਧਾਲੂਆਂ ਪਾਸ ਸੁਰੱਖਿਅਤ ਪਈਆਂ ਪੋਥੀਆਂ ਤੋਂ ਉਤਾਰੇ ਕਰਵਾ ਕੇ ਦਸਮ ਗ੍ਰੰਥ ਤਿਆਰ ਕਰਵਾਇਆ। ਇਸ ਗ੍ਰੰਥ ਨੂੰ ਪਹਿਲਾਂ ਬਚਿਤ੍ਰ ਨਾਟਕ ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਹੁਣ ਇਸ ਦਾ ਨਾਮ ਦਸਮ ਗ੍ਰੰਥ ਪੱਕ ਗਿਆ ਹੈ।

ਦਸਮ ਗ੍ਰੰਥ ਵਿਚ ਗੁਰੂ ਜੀ ਦੀਆਂ ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ ਉਕਤਿ ਬਿਲਾਸ, ਵਾਰ ਦੁਰਗਾ ਕੀ, ਗਿਆਨ ਪ੍ਰਬੋਧ, ਸ਼ਸਤ੍ਰ ਨਾਮਮਾਲਾ, ਜ਼ਫਰਨਾਮਾ ਆਦਿ ਰਚਨਾਵਾਂ ਹੋਣ ਬਾਰੇ ਕਰੀਬ-ਕਰੀਬ ਸਰਵਸੰਮਤੀ ਪਾਈ ਜਾਂਦੀ ਹੈ।

ਗੁਰੂ ਗੋਬਿੰਦ ਜੀ ਨੇ ਬਚਿਤ੍ਰ ਨਾਟਕ ਤੇ ਚੰਡੀ ਦੀ ਵਾਰ (ਵਾਰ ਦੁਰਗਾ ਕੀ) ਵਿਚ ਆਪਣੇ ਪੜਦਾਦਾ ਜੀ ਦੀ ਗੁਰਿਆਈ ਦਾ ਜ਼ਿਕਰ ਕੀਤਾ ਹੈ। ਇੰਝ ਵੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਰਚਨਾਵਾਂ ਅੰਦਰ ਪੜਪੋਤੇ ਵਲੋਂ ਪੜਦਾਦਾ ਜੀ ਦੀ ਬਾਤ ਵੀ ਪਾਈ ਗਈ ਹੈ।

ਇਥੇ ਗੁਰੂ ਅਰਜਨ ਦੇਵ ਜੀ ਦੇ ਹਵਾਲੇ ਨਾਲ ਬਚਿਤ੍ਰ ਨਾਟਕ ਬਾਰੇ ਵਿਚਾਰ ਕਰਦੀ ਹਾਂ। ਬਚਿਤ੍ਰ ਨਾਟਕ ਦਸਮ ਗ੍ਰੰਥ ਦੀਆਂ ਬੀੜਾਂ ਵਿਚ ਤੀਜੇ ਅਧਿਆਇ ਦੇ ਰੂਪ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਅੰਦਰ ਸਮੇਂ-ਸਮੇਂ ਹੋਏ ਭਾਰਤੀ ਲੋਕ-ਨਾਇਕਾਂ ਦੇ ਜੀਵਨ ਬ੍ਰਿਤਾਂਤ ਨੂੰ ਪੇਸ਼ ਕੀਤਾ ਗਿਆ ਹੈ। ਇਹ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦੇ ਨਾਲ-ਨਾਲ ਉਨ੍ਹਾਂ ਦੀ ਆਤਮ ਕਥਾ ਸਵੀਕਾਰੀ ਗਈ ਹੈ। ਭਾਵੇਂ ਸਾਰੇ ਵਿਦਵਾਨ ਇਸ ਮੱਤ ਨਾਲ ਸਹਿਮਤ ਨਹੀਂ।

ਇਸ ਵੱਡੇ ਅਕਾਰ ਵਾਲੀ ਰਚਨਾ ਦੇ ਕੁੱਲ 14 ਅਧਿਆਇ ਹਨ। ਇਹ ਛੰਦ ਪ੍ਰਧਾਨ ਰਚਨਾ ਹੈ। ਇਸ ਵਿਚ ਕੁੱਲ 13 ਕਿਸਮ ਦੇ ਛੰਦਾਂ ਦੀ ਵਰਤੋਂ ਹੋਈ ਹੈ। ਸਭ ਤੋਂ ਵੱਧ ਚੌਪਈ ਛੰਦ ਵਰਤਿਆ ਗਿਆ ਹੈ। ਇਸ ਰਚਨਾ ਦੇ ਪੰਜਵੇਂ ਅਧਿਆਇ ਦੇ 16 ਛੰਦਾਂ ਵਿਚ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤਕ ਗੁਰਗੱਦੀ ਦਾ ਇਤਿਹਾਸ ਤਰਤੀਬਬੱਧ ਕੀਤਾ ਗਿਆ ਹੈ।

ਇਸ ਅਧਿਆਇ ਦੇ 11 ਵੇਂ ਛੰਦ ਵਿਚ ਗੁਰੂ ਰਾਮਦਾਸ ਜੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ 'ਤੇ ਬੈਠਣ ਦੀ ਤੇ ਜੋਤੀ-ਜੋਤ ਸਮਾਉਣ ਦੀ ਸੰਖੇਪ ਜਾਣਕਾਰੀ ਦਰਜ ਕੀਤੀ ਗਈ ਹੈ, ਜੋ ਇਸ ਪ੍ਰਕਾਰ ਹੈ :

ਰਾਮਦਾਸ ਹਰਿ ਸੋ ਮਿਲਿ ਗਏ।
ਗੁਰਤਾ ਦੇਤ ਅਰਜੁਨਹਿ ਭਏ।
ਜਬ ਅਰਜੁਨ ਪ੍ਰਭ ਲੋਕਿ ਸਿਧਾਏ।
ਹਰਿ ਗੋਬਿੰਦ ਤਿਹ ਠਾਂ ਠਹਰਾਏ॥ ੧੧॥ (ਪੰ. 70)

ਇਨ੍ਹਾਂ ਸਤਰਾਂ ਵਿਚ ਉਨ੍ਹਾਂ ਨੂੰ ਇਕ ਗੁਰੂ ਲੜੀ ਅਧੀਨ ਗੁਰਤਾਗੱਦੀ ਪ੍ਰਾਪਤ ਹੋਣ ਤੋਂ ਬਾਅਦ ਅਕਾਲ ਚਲਾਣਾ ਕਰ ਜਾਣ ਉਪਰੰਤ ਗੁਰਤਾ ਹਰਿਗੋਬਿੰਦ ਪ੍ਰਤੀ ਜਾਣ ਹਿਤ ਸੰਕੇਤ ਮਾਤਰ ਜ਼ਿਕਰ ਹੈ। ਇਹ ਸਤਰਾਂ ਗੁਰੂ ਅਰਜਨ ਦੇਵ ਜੀ ਦੇ ਗੁਰੂ ਰੂਪ ਨੂੰ ਪ੍ਰਕਾਸ਼ ਦਿੰਦਿਆਂ ਉਨ੍ਹਾਂ ਦਾ ਗੁਰੂ ਬਿੰਬ ਸਿਰਜਦੀਆਂ ਹਨ।

ਬਚਿਤ੍ਰ ਨਾਟਕ ਦੀ ਇਸ ਚੌਪਈ ਵਿਚ ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਦਾ ਹੀ ਹਵਾਲਾ ਦਿੱਤਾ ਗਿਆ ਹੈ ਪਰ ਇਸ ਤੋਂ ਬਾਅਦ ਉਨ੍ਹਾਂ ਦੇ ਪੋਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਪ੍ਰਕਾਸ਼ ਦੇਣ ਵਾਲੀਆਂ ਉਹ ਅਮਰ ਪੰਗਤੀਆਂ ਲਿਖਤਬੱਧ ਹੋਈਆਂ ਹਨ ਜਿਹੜੀਆਂ ਗੁਰੂ ਤੇਗ ਬਹਾਦਰ ਪ੍ਰਤੀ ਅਖ਼ਾਣ ਰੂਪ ਹੀ ਬਣ ਗਈਆਂ ਹਨ। ਇਹ ਇਸ ਤਰ੍ਹਾਂ ਹਨ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ॥੧੩॥
ਧਰਮ ਹੇਤ ਸਾਕਾ ਜਿਨ ਕੀਆ। ਸੀਸੁ ਦੀਆ ਪਰੁ ਸਿਰਰੁ ਨ ਦੀਆ॥੧੪॥
ਦੋਹਰਾ :
ਠੀਕਰ ਫੋਰਿ ਦਿਲੀਸ ਸਿਰਿ,
ਪ੍ਰਭ ਪੁਰਿ ਕੀਯਾ ਪਯਾਨ
ਤੇਗ ਬਹਾਦੁਰ ਸੀ ਕ੍ਰਿਆ,
ਕਰੀ ਨ ਕਿਨਹੂੰ ਆਨਿ॥੧੫॥
ਤੇਗ ਬਹਾਦੁਰ ਕੇ ਚਲਤ,
ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕਿ॥੧੬॥ (ਪੰ. 70)

ਹਰਪ੍ਰੀਤ ਕੌਰ ਹਰਫ਼
82849-42992

ਇਨ੍ਹਾਂ ਸਤਰਾਂ ਦੇ ਪਾਠ ਉਪਰੰਤ ਇਹ ਸਵਾਲ ਆਪ ਮੁਹਾਰੇ ਦਿਲ ਅੰਦਰ ਉਠਦਾ ਹੈ ਕਿ ਗੁਰੂ ਜੀ ਵੱਲੋਂ ਗੁਰੂ ਅਰਜਨ ਦੇਵ ਜੀ ਦੇ ਪੋਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਜ਼ਿਕਰ ਬਹੁਤ ਜ਼ੋਰਦਾਰ ਢੰਗ ਨਾਲ ਹੋਇਆ ਹੈ ਪਰ ਬਾਬੇ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇਥੇ ਦਰਜ ਨਹੀਂ ਹੋਈ। ਇਹ ਸ਼ਹਾਦਤ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਮਾਡਲ ਰੂਪ ਸੀ। ਗੁਰੂ ਤੇਗ ਬਹਾਦਰ ਜੀ ਵੀ ਉਵੇਂ ਹੀ ਸ਼ਹਾਦਤ ਨੂੰ ਪ੍ਰਾਪਤ ਹੋਏ 

# ਸਾਹਿਤਕ ਪੰਨਾ

## ਕਾਵਿ ਕਿਆਰੀ

### ਕੈਸਾ ਹੈ ਧੀਆਂ ਦਾ ਸੰਸਾਰ

ਪਹਿਲਾਂ ਬਾਬਲ ਦਾ ਦਰ
ਫੇਰ ਪਤੀ ਦਾ ਦਰਬਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਧੀਆਂ ਕੋਲ ਘਰ ਨਹੀਂ ਟਿਕਾਣਾ ਹੁੰਦਾ
ਚਾਹਤ ਨਹੀਂ ਭਾਣਾ ਹੁੰਦਾ
ਘਰ ਤੋਂ ਦਫ਼ਤਰ
ਤੇ ਦਫ਼ਤਰ ਤੋਂ ਘਰ ਜਿੱਡੀ ਪਰਵਾਜ਼ ਹੁੰਦੀ
ਨਿਮਰ ਤੇ ਨੀਵੀਂ ਆਵਾਜ਼ ਹੁੰਦੀ
ਬੋਲਣ ਤਾਂ ਡੋਲਦੀ ਹੈ ਧਰਤੀ
ਤ੍ਰਭਕਦਾ ਹੈ ਆਸਮਾਨ
ਕੁਤਰ ਦਿੱਤੀ ਜਾਂਦੀ ਹੈ ਜ਼ੁਬਾਨ
ਤੋਏ ਤੋਏ ਕਰਦੇ ਨੇ ਦੁਨੀਆਦਾਰ
ਅਤੇ ਖ਼ਾਮੋਸ਼ ਵੇਖਦਾ ਰਹਿੰਦਾ ਹੈ
ਪਾਕ ਪਰਵਦਗਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਫ਼ਰਜ਼ਾਂ ਤੇ ਫ਼ਿਕਰਾਂ 'ਚ ਕੱਟ ਦਿੰਦੀਆਂ ਨੇ ਜੂਨ
ਰਹਿਣ ਸੁਕਾਉਂਦੀਆਂ ਆਪਣਾ ਹੀ ਖ਼ੂਨ
ਕਦੇ ਪਤੀ ਦੇ ਜਾਣ ਦਾ ਫ਼ਿਕਰ
ਕਦੇ ਬੱਚਿਆਂ ਦੇ ਆਉਣ ਦੀ ਉਡੀਕ
ਸੱਸ ਸਹੁਰੇ ਦੀ ਬੀਮਾਰੀ
ਆਏ ਗਏ ਦੀ ਤੀਮਾਰਦਾਰੀ
ਦਿਲ ਦੇ ਚਾਵਾਂ ਨੂੰ ਅੱਗੇ ਪਾਉਂਦੇ ਪਾਉਂਦੇ
ਮਰ ਮੁੱਕ ਜਾਂਦੇ ਨੇ ਸੁਪਨੇ
ਤੇ ਲੰਘ ਜਾਂਦੇ ਨੇ ਤਿੱਥਾਂ ਤੇ ਤਿਉਹਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਤਨਖ਼ਾਹ ਵੀ ਲਿਆਉਂਦੀਆਂ
ਜ਼ਿੰਮੇਵਾਰੀਆਂ ਵੀ ਨਿਭਾਉਂਦੀਆਂ
ਭਾਰ ਵੀ ਵੰਡਾਉਂਦੀਆਂ
ਐਪਰ ਫਿਰ ਵੀ
ਪਰਾਈਆਂ ਅਖਵਾਉਂਦੀਆਂ
ਕਦੇ ਦਾਜ ਲਈ ਮਰਦੀਆਂ
ਕਦੇ ਲਾਜ ਲਈ ਮਰਦੀਆਂ
ਅੜਨ ਤਾਂ ਟੁੱਟਦਾ ਹੈ ਘਰ
ਲੜਨ ਤਾਂ ਡਰਾਉਂਦੀਆਂ ਨੇ ਕਚਹਿਰੀਆਂ
ਬਾਬਲ ਘਬਰਾਉਂਦਾ ਹੈ
ਦਿਨ ਕਟੀ ਲਈ ਦਬਕਾਉਂਦਾ ਹੈ
ਇਕੱਲੀਆਂ ਦੇਖ ਦੇਖ
ਲਲਚਾਉਂਦਾ ਹੈ ਜ਼ਮਾਨਾ
ਤੇ ਘੂਰਦਾ ਹੈ ਬਾਜ਼ਾਰ
ਕੈਸਾ ਹੈ ਧੀਆਂ ਦਾ ਸੰਸਾਰ ?
ਸਿਰਾਂ 'ਤੇ ਚੁੱਕੀ ਫਿਰਨ
ਖ਼ੌਰੇ ਕਿੰਨੀਆਂ ਕੁ ਧਰਤੀਆਂ ਦਾ ਭਾਰ ?
ਕੈਸਾ ਹੈ ਧੀਆਂ ਦਾ ਸੰਸਾਰ ?

**- ਪ੍ਰੋ. ਕੁਲਵੰਤ ਅੌਜਲਾ**
ਸੰਪਰਕ: 01822-235343

### ਗ਼ਜ਼ਲ

ਜੰਗਲ ਬੀਆਬਾਨ ਘਣਾ ਸੀ, ਛਾਇਆ ਘੁੱਪ ਹਨੇਰਾ,
ਚਾਰੇ ਪਾਸੇ ਭਾਂਅ ਭਾਂਅ ਪਸਰੀ, ਚੁੱਪੀ ਪਾਇਆ ਘੇਰਾ।
ਘੂਕ ਨੀਂਦਰੇ ਪਸ਼ੂ ਤੇ ਪੰਛੀ, ਰਾਤ ਸੀ ਕਾਲ਼ੀ ਬੋਲੀ,
ਕਿਸੇ ਪਿੱਪਲ ਦੀ ਟਾਹਣੀ ਬੈਠੀ, ਇੱਕ ਭੂਤਾਂ ਦੀ ਟੋਲੀ।
ਡਰਦੇ-ਡਰਦੇ ਓਸੇ ਰੁੱਖ ਦੇ, ਥੱਲਿਓਂ 'ਬੰਦੇ' ਲੰਘੇ,
ਏਧਰ-ਓਧਰ ਬਿਟ-ਬਿਟ ਝਾਕਣ, ਨਾ ਕੂਏ ਨਾ ਖੰਘੇ।
ਦੇਖ ਕੇ 'ਬੰਦੇ' ਤ੍ਰਭਕ ਕੇ ਉਠਿਆ, ਇੱਕ ਭੂਤਾਂ ਦਾ ਬੱਚਾ,
ਦੇਖ ਕੇ ਟੋਲੀ ਇਨਸਾਨਾਂ ਦੀ, ਰਹਿ ਗਿਆ ਹੱਕਾ ਬੱਕਾ।
ਹੱਥਾਂ ਦੇ ਵਿੱਚ ਬਰਛੇ ਟਕੂਏ, ਤੇ ਨੰਗੀਆਂ ਤਲਵਾਰਾਂ,
ਲੱਥ ਪੱਥ ਕੱਪੜੇ ਲਹੂ 'ਚ ਰੰਗੇ, ਇਹ ਡਾਰਾਂ ਦੀਆਂ ਡਾਰਾਂ।
ਝੱਟ ਭੂਤਣੀ ਪੁੱਛਣ ਲੱਗੀ, 'ਕਿਸ ਗੱਲੋਂ ਪ੍ਰੇਸ਼ਾਨ ?
ਕਿਹੜੀ ਗੱਲੋਂ ਸਹਿਮਿਆ ਫਿਰਦੈਂ, ਸੌਂ ਜਾ ਲੰਮੀਆਂ ਤਾਣ।'
ਥੱਲੇ ਸਾਰਾ ਦੇਖ ਨਜ਼ਾਰਾ, ਰੋਂਦਿਆਂ ਨਿੱਕਲੀ ਕੂਕ,
'ਡਰ ਲੱਗਦੈ, ਇਨਸਾਨ ਨੇ ਫਿਰਦੇ,' ਬੋਲਿਆ ਨਿੱਕਾ ਭੂਤ।
ਮਾਂ ਭੂਤਣੀ ਹਿੱਕ ਨਾਲ ਲਾ ਕੇ, ਹੱਸ ਕੇ ਆਖਣ ਲੱਗੀ,
'ਚੱਲ ਉੱਠ ਮਿਰਚਾਂ ਵਾਰਾਂ ਤੈਥੋਂ, ਹਵਾ ਓਪਰੀ ਲੱਗੀ।
ਕੁਝ ਨਹੀਂ ਹੋਇਆ, ਡਰ ਨਾ ਐਵੇਂ, ਸੁਪਨੇ ਨੀਂਦ 'ਚ ਦੇਖੇ,
ਬੰਦੇ ਬੁੰਦੇ ਕੁਝ ਨਹੀਂ ਹੁੰਦੇ, ਇਹ ਸਭ ਭਰਮ ਭੁਲੇਖੇ।'

**ਜਸਵਿੰਦਰ ਜਲੰਧਰੀ**
ਸੰਪਰਕ: 98768-07218

### ਗ਼ਜ਼ਲ

ਮੁੜ ਕੇ ਦੁਰਕਾਰਿਆ ਜਾਂਦਾ ਨਹੀਂ,
ਇੱਕ ਵਾਰ ਜੀਹਨੂੰ ਅਪਣਾ ਲਈਏ।
ਸੋਚਣ ਦੀ ਕਾਈ ਥਾਂ ਨਾ ਰਹੇ,
ਪਿਆਰ ਜਦੋਂ ਵੀ ਪਾ ਲਈਏ।
ਸਭ ਦੁਨੀਆਂ ਮਤਲਬਖ਼ੋਰੀ ਏ,
ਖ਼ੁਦਗਰਜ਼ੀ ਹੈ ਕਿਰਦਾਰ ਇਹਦਾ,
ਚੰਗਾ ਹੈ ਆਪਣੇ ਮਨ ਤਾਈਂ,
ਇਹ ਰਮਜ਼ ਅਸੀਂ ਸਮਝਾ ਲਈਏ।
ਹੁਸਨ ਇਸ਼ਕ ਦਾ ਚੱਕਰ ਇਹ,
ਚੱਲਦਾ ਹੈ ਮੁੱਢ ਕਦੀਮਾਂ ਤੋਂ,
ਅੱਖ ਲੱਗਣੀ ਔਖੀ ਹੋ ਜਾਂਦੀ,
ਜਦ ਅੱਖੀਆਂ ਕਿਧਰੇ ਲਾ ਲਈਏ।
ਤੁਸੀਂ ਭਲਾ ਸੋਚਦੇ ਲੋਕਾਂ ਦਾ,
ਪਰ ਉਹ ਵੀ ਹਨ ਜੋ ਬੁਰਾ ਚਾਹੁਣ,
ਵੱਖੋ ਵੱਖ ਕਿਰਦਾਰ ਜੋ ਹਨ,
ਅਸੀਂ ਮਨ ਤਾਈਂ ਸਮਝਾ ਲਈਏ।
ਖ਼ੁੱਲ੍ਹਦਿਲੀਆਂ ਦੀ ਕਾਈ ਕਦਰ ਨਹੀਂ,
ਤੰਗਦਿਲ ਜਿਹੀ ਫ਼ਿਜ਼ਾ ਅੰਦਰ,
ਬਿਹਤਰ ਹੈ ਗੱਲ ਸਮਝ ਲਵੋ,
ਚੁੱਪ ਕਰ ਕੇ ਵਕਤ ਲੰਘਾ ਲਈਏ।
ਅਮਨ ਮਨੁੱਖ ਦਾ ਖ਼ਾਸਾ ਹੈ,
ਤੇ ਜੰਗ ਸ਼ੈਤਾਨੀ ਫ਼ਿਤਰਤ ਹੈ,
ਇਸ ਤੱਤ ਨੂੰ ਪੱਕਾ ਕਰ ਲਈਏ,
ਤਨ ਮਨ ਵਿੱਚ ਰਚਾ ਲਈਏ।
ਖਾ ਖਾ ਕੇ ਠੇਡੇ ਸੰਭਲ ਗਏ,
ਹੁਣ ਮੰਜ਼ਿਲ ਨੇੜੇ ਆ ਗਈ ਏ,
'ਨਵਰਾਹੀ' ਬੜੀ ਤਸੱਲੀ ਏ,
ਸੋ ਗੀਤ ਖ਼ੁਸ਼ੀ ਦੇ ਗਾ ਲਈਏ।

**ਨਵਰਾਹੀ ਘੁਗਿਆਣਵੀ**

## ਕਹਾਣੀ

# ਮੇਰੇ ਮਰਨ ਪਿੱਛੋਂ

ਮੂਲ ਲੇਖਕ: ਲਤੀਫ਼ ਘੋਂਗ
ਪੰਜਾਬੀ ਅਨੁਵਾਦ: ਕਾਂਤਾ ਸ਼ਰਮਾ

ਇਹ ਮੇਰੀ ਬਦਕਿਸਮਤੀ ਸੀ ਕਿ ਮੈਂ ਮਰਿਆ ਵੀ ਤਾਂ ਐਤਵਾਰ ਦੇ ਦਿਨ। ਬੇਕਾਰ ਹੀ ਇੱਕ ਛੁੱਟੀ ਖਰਾਬ ਹੋ ਗਈ। ਮੁਹੱਲੇ ਦੀਆਂ ਔਰਤਾਂ ਜਮ੍ਹਾਂ ਹੋ ਗਈਆਂ। ਮੈਨੂੰ ਬੜਾ ਦੁੱਖ ਹੋਇਆ ਜਿਉਂਦੇ ਜੀਅ ਜਿਨ੍ਹਾਂ ਔਰਤਾਂ ਦੇ ਦਰਸ਼ਨ ਨਹੀਂ ਸੀ ਕਰ ਸਕਿਆ, ਅੱਜ ਉਹ ਬੇਪਰਦਾ ਮੇਰੇ ਸਾਹਮਣੇ ਖੜ੍ਹੀਆਂ ਸਨ। ਮੇਰੀ ਪਤਨੀ ਜਨਾਜ਼ਾ ਦੇਖ ਕੇ ਰੋਣ ਲੱਗੀ। ਮੁਹੱਲੇ ਦੀਆਂ ਜਵਾਨ ਔਰਤਾਂ ਨੇ ਸਮਝਾਇਆ, ਪਾਗਲ ਹੋ ਗਈ ਏ। ਮਰਨ ਵਾਲੇ ਦੇ ਪਿਛੇ ਰੋਈਦਾ ਨਹੀਂ। ਹਾਲੇ ਤੇਰੀ ਉਮਰ ਹੀ ਕੀ ਹੈ।' ਮੇਰੀ ਪਤਨੀ ਨੇ ਪਾਣੀ ਪੀਤਾ ਫ਼ਿਰ ਆਦਤ ਅਨੁਸਾਰ ਮੇਰੀਆਂ ਜੇਬਾਂ ਫ਼ਰੋਲਣ ਲੱਗੀ। ਕਮੀਜ਼ ਦੇ ਜੇਬ 'ਚੋਂ ਤੀਹ ਪੈਸੇ ਨਿਕਲੇ। ਫ਼ੁਲ ਪੈਂਟ ਦੀ ਜੇਬ ਟੋਹ ਕੇ ਉਸ ਨੇ ਪਾਸ ਬੁਕ ਕੱਢੀ ਬੈਂਕ ਦਾ ਵਿਆਜ ਜੋੜ ਕੇ ਕੁਲ ਪੰਜ ਰੁਪਏ ਬਿਆਲੀ ਪੈਸੇ ਜਮ੍ਹਾਂ ਸਨ। ਉਹ ਧਾਹ ਮਾਰ ਕੇ ਬੇਹੋਸ਼ ਹੋ ਗਈ। ਇੱਕ ਅਧਖੜ ਔਰਤ ਨੇ ਕਿਹਾ, 'ਵਿੱਚਾਰੀ ਤੋਂ ਪਤੀ ਦੀ ਮੌਤ ਦਾ ਸਦਮਾ ਬਰਦਾਸ਼ਤ ਨਹੀਂ ਹੋ ਰਿਹਾ।' ਮੇਰੀ ਮੌਤ ਦਾ ਸਭ ਤੋਂ ਬਹੁਤਾ ਦੁੱਖ ਮੌਲਾਨਾ ਸੈਫ਼ੁਦੀਨ ਦੀ ਲੜਕੀ ਨੂੰ ਹੋਇਆ। ਜਿਸ ਨੂੰ ਮੈਂ ਅੰਗਰੇਜ਼ੀ ਦੀ ਟਿਊਸ਼ਨ ਪੜ੍ਹਾਉਂਦਾ ਸੀ। ਉਹ ਮੈਨੂੰ ਅਕਸਰ ਪੁੱਛਦੀ, 'ਸਰ ਕੀ ਮੈਂ ਮੋਟੀ ਹੋ ਗਈ ਹਾਂ ? ਮੈਂ ਬੇਵਕੂਫ਼ ਮਾਸਟਰ ਦੀ ਤਰ੍ਹਾਂ ਉਸ ਨੂੰ 'ਜੂਲੀਅਸ ਸੀਜ਼ਰ' ਪੜ੍ਹਾਉਣ ਲੱਗਦਾ। ਮੇਰੀ ਮੌਤ ਦੀ ਖ਼ਬਰ ਸੁਣ ਕੇ ਸਭ ਤੋਂ ਪਹਿਲਾਂ ਮੇਰੇ ਘਰ ਪਹੁੰਚਣ ਵਾਲਾ ਵਿਅਕਤੀ ਮੇਰਾ ਹੈਡ ਮਾਸਟਰ ਸੀ। ਉਹ ਖੂਬ ਰੋਇਆ। ਮੈਂ ਉਸ ਤੋਂ ਸੌ ਰੁਪਏ ਉਧਾਰ ਲੈ ਰੱਖੇ ਸਨ। ਗਵਾਂਢੀਆਂ ਨੇ ਬੜਾ ਸਮਝਾਇਆ ਪਰ ਉਹ ਅਖੀਰ ਤਕ ਮੇਰੀ ਲਾਸ਼ ਨਾਲ ਲਿਪਟ ਲਿਪਟ ਕੇ ਰੋਂਦਾ ਰਿਹਾ। ਲੋਕ ਕਹਿ ਰਹੇ ਸਨ, 'ਹੈਡਮਾਸਟਰ ਹੋਵੇ ਤਾਂ ਇਹੋ ਜਿਹਾ ਆਪਣੇ ਮਤਾਹਿਤ ਲਈ ਕਿੰਨੀ ਹਮਦਰਦੀ ਹੈ ਇਸ ਦੇ ਦਿਲ 'ਚ। ਸ਼ਾਇਦ ਇਸ ਤੋਂ ਜ਼ਿਆਦਾ ਸਦਮਾ ਤਾਂ ਕਿਸੇ ਨਜ਼ਦੀਕੀ ਰਿਸ਼ਤੇਦਾਰ ਨੂੰ ਵੀ ਨਹੀਂ ਹੋਇਆ ਹੋਣਾ। ਇਸ ਤੋਂ ਬਾਅਦ ਧਾਹਾਂ ਮਾਰ ਰੋਣ ਵਾਲਿਆਂ 'ਚ ਮੇਰਾ ਮਕਾਨ ਮਾਲਕ ਤੇ ਉਹ ਦੁਕਾਨਦਾਰ ਸੀ ਜਿਸ ਤੋਂ ਮੈਂ ਕਣਕ ਤੇ ਚੌਲ ਖਰੀਦਦਾ ਸਾਂ। ਮੇਰੇ ਲਈ ਸਵਾ ਰੁਪਏ ਦਾ ਕਫ਼ਨ ਖਰੀਦਿਆ ਗਿਆ। ਪਤਨੀ ਨੇ ਰੋਂਦੇ ਹੋਏ ਕਿਹਾ, 'ਮੇਰੇ ਪਤੀ ਦੀ ਆਖਰੀ ਖਾਹਸ਼ ਸੀ ਕਿ ਉਸ ਨੂੰ ਸਾਦਗੀ ਨਾਲ ਦਫ਼ਨਾਇਆ ਜਾਵੇ।' ਉਹਨੇ ਇਧਰੋਂ ਉਧਰੋਂ ਇੱਕੱਠੇ ਕੀਤੇ ਪੈਸਿਆਂ ਨਾਲ ਕਫ਼ਨ ਦਾ ਬਿੱਲ ਚੁਕਾਇਆ। ਲੋਕਾਂ ਨੇ ਬੜਾ ਸਮਝਾਇਆ ਪਰ ਉਹ ਵਾਲ ਖੋਂਹਦੀ ਤੇ ਰੋਂਦੀ ਰਹੀ। ਕਫ਼ਨ ਦੇ ਬਿੱਲ ਨਾਲ ਉਸ ਦੀ ਹਿੰਮਤ ਟੁੱਟ ਗਈ ਸੀ। ਉਹ ਰੋਂਦੀ ਵਿਲਕਦੀ ਰਹੀ ਤੇ ਮੇਰਾ ਜਨਾਜ਼ਾ ਵਿਹੜੇ 'ਚੋਂ ਬਾਹਰ ਲਿਆ ਕੇ ਸੜਕ 'ਤੇ ਰੱਖ ਦਿੱਤਾ ਗਿਆ। ਜਨਾਜ਼ੇ ਨੂੰ ਮੋਢਾ ਦੇਣ ਵਾਲਿਆਂ 'ਚ ਸਭ ਤੋਂ ਪਹਿਲਾ ਆਦਮੀ ਮੇਰਾ ਧੋਬੀ ਸੀ। ਕਹਿਣ ਲੱਗਾ, 'ਭਾਈ ਹੋਣੀ ਨੂੰ ਕੌਣ ਟਾਲ ਸਕਦਾ ਹੈ। ਮਰਨ ਵਾਲਾ ਤਾਂ ਮਰ ਗਿਆ ਪਰ ਮੈਨੂੰ ਹਮੇਸ਼ਾਂ ਯਾਦ ਰਹੇਗਾ। ਇਸ ਦੀ ਕਮੀਜ਼ ਨੂੰ ਪੂਰੀ ਇੱਕ ਚਾਕੀ ਸਾਬਣ ਲੱਗਦਾ ਸੀ। ਹੁਣ ਇਹ ਸਫ਼ੈਦ ਚਕਾਚਕ ਕਫ਼ਨ ਦੇਖਕੇ ਮੈਨੂੰ ਰੋਣਾ ਆ ਰਿਹਾ ਹੈ।' ਮੋਢਾ ਦੇਣ ਵਾਲਾ ਦੂਸਰਾ ਵਿਅਕਤੀ ਮੇਰੇ ਹੀ ਸਕੂਲ ਦਾ ਮਾਸਟਰ ਸੀ ਜੋ ਦਿਲੋਂ ਮੈਨੂੰ ਗਾਲਾਂ ਦੇ ਰਿਹਾ ਸੀ, 'ਸਾਲੇ ਨੇ ਐਤਵਾਰ ਨੂੰ ਈ ਮਰਨਾ ਸੀ। ਐ ਖ਼ੁਦਾ ਹੋਰ ਜੋ ਮਰਜ਼ੀ ਕਰੀਂ, ਕਿਸੇ ਨੂੰ ਐਤਵਾਰ ਦੀ ਮੌਤ ਨਾ ਦੇਵੀਂ।' ਤੀਜੇ ਮੋਢੇ 'ਤੇ ਮੌਲਾਨਾ ਸੈਫ਼ੁਦੀਨ ਸੀ ਜੋ ਬੀੜੀ ਦਾ ਤੰਬਾਕੂ ਮੂੰਹ 'ਚ ਦਬਾਈ ਜਨਾਜ਼ਾ ਢੋ ਰਹੇ ਸਨ। ਉਹ ਉਤੋਂ ਦੁਖੀ ਪਰ ਅੰਦਰੋਂ ਬਹੁਤ ਖੁਸ਼ ਸਨ। ਮੈਂ ਉਨ੍ਹਾਂ ਤੋਂ ਹਾਲੇ ਇੱਕ ਮਹੀਨੇ ਦੀ ਟਿਊਸ਼ਨ ਦੇ ਪੈਸੇ ਲੈਣੇ ਸਨ। ਚੌਥੇ ਮੋਢੇ ਹੇਠਾਂ ਮੇਰਾ ਇੱਕ ਵਿਦਿਆਰਥੀ ਸੀ। ਉਸ ਨੂੰ ਮੇਰੀ ਮੌਤ

ਦਾ ਕੋਈ ਦੁੱਖ ਨਹੀਂ ਸੀ। ਕਿਉਂਕਿ ਹੋਰ ਕੋਈ ਚੌਥਾ ਹੱਟਾ ਕੱਟਾ ਆਦਮੀ ਮਿਲਿਆ ਨਹੀਂ। ਇਸ ਲਈ ਲੋਕਾਂ ਨੇ ਚੌਥਾ ਮੋਢਾ ਉਸ 'ਤੇ ਟਿਕਾ ਦਿੱਤਾ ਸੀ। ਰੇਲਵੇ ਫ਼ਾਟਕ ਬੰਦ ਸੀ ਇਸ ਲਈ ਜਨਾਜ਼ਾ ਥੋੜ੍ਹੀ ਦੇਰ ਲਈ ਹੇਠਾਂ ਉਤਾਰ ਲਿਆ ਗਿਆ। ਜਨਾਜ਼ੇ 'ਚ ਸ਼ਾਮਲ ਲੋਕਾਂ 'ਚੋਂ ਇੱਕ ਨੇ ਕਿਹਾ, 'ਖ਼ੁਦਾ ਦੀ ਕੁਦਰਤ ਹੈ, ਮਰਨ ਤੋਂ ਬਾਅਦ ਆਦਮੀ ਕਿੰਨਾ ਭਾਰਾ ਹੋ ਜਾਂਦਾ ਹੈ।' ਫ਼ਿਰ ਉਸ ਨੇ ਰੁਮਾਲ ਲੈ ਕੇ ਪਸੀਨਾ ਪੂੰਝਿਆ ਤੇ ਬੋਲਿਆ, 'ਯਾ ਪਰਵਰਦਿਗਾਰ ਮਰਨ ਤੋਂ ਬਾਦ ਕਿਸੇ ਨੂੰ ਐਨਾ ਭਾਰਾ ਵੀ ਨਾ ਕਰ ਦੇਣਾ ਕਿ ਦੂਸਰਿਆਂ ਨੂੰ ਤਕਲੀਫ਼ ਹੋਵੇ।' ਅਰਥੀ ਪਿਛੇ ਇੱਕ ਛੋਟਾ ਜਿਹਾ ਜਲੂਸ ਸੀ ਜਿਸ 'ਚ ਸੌ ਡੇਢ ਸੌ ਸਕੂਲੀ ਵਿਦਿਆਰਥੀ ਸਨ ਜਿਨ੍ਹਾਂ ਨੂੰ ਹੈਡਮਾਸਟਰ ਸਾਬ੍ਹ ਨੇ ਐਕਸਟਰਾ ਕਲਾਸ ਲਈ ਬੁਲਾਇਆ ਸੀ। ਹੁਣ ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਸਿਖਿਆ ਵਿਭਾਗ ਦਾ ਜਨਾਜ਼ਾ ਕਿਸੇ ਰਾਜਨੀਤਕ ਜਨਾਜ਼ੇ ਤੋਂ ਘੱਟ ਨਹੀਂ ਹੁੰਦਾ। ਆਪਣੇ ਪਿੱਛੇ ਆਉਂਦਾ ਹੋਇਆ ਜਲੂਸ ਦੇਖਕੇ ਮੈਨੂੰ ਖੁਸ਼ੀ ਹੋਈ। ਇੰਨਾ ਲੰਬਾ ਜਲੂਸ ਤਾਂ ਵੱਡੇ ਵੱਡੇ ਨੇਤਾਵਾਂ ਪਿਛੇ ਵੀ ਨਹੀਂ ਹੁੰਦਾ। ਪੂਰਾ ਕਬਰਸਤਾਨ ਰੇਲ ਦੇ 'ਥਰੀ ਟਾਇਰ' ਡੱਬੇ ਵਾਂਗੂੰ ਖਚਾਖਚ ਭਰਿਆ ਹੋਇਆ ਸੀ। ਕਾਫ਼ੀ ਖੋਜ ਤੋਂ ਬਾਅਦ ਜਿਹੜੀ ਜਗ੍ਹਾ ਪਸੰਦ ਕੀਤੀ ਗਈ ਉਸ ਦੇ ਸੱਜੇ ਹੱਥ ਜਨਾਬ ਇਨਾਇਤ ਅਲੀ ਜ਼ਖ਼ਮੀ ਦੀ ਕਬਰ ਸੀ। 'ਜ਼ਖ਼ਮੀ' ਹਿੰਦੀ ਦੇ ਕਵੀ ਸਨ ਜਿਨ੍ਹਾਂ ਦੀਆਂ ਕਵਿਤਾਵਾਂ ਤੋਂ ਡਰਦਾ ਮੈਂ ਘਰ ਦੇ ਸਭ ਤੋਂ ਪਿਛਲੇ ਕਮਰੇ 'ਚ ਛੁਪ ਜਾਇਆ ਕਰਦਾ ਸੀ। ਪਰ ਲੱਗਦਾ ਹੈ ਹੁਣ ਉਨ੍ਹਾਂ ਦੀਆਂ ਜ਼ੋਰਦਾਰ ਸ਼ੋਰਦਾਰ ਰਚਨਾਵਾਂ ਜਿਨ੍ਹਾਂ ਨੂੰ ਜੀਉਂਦੇ ਜੀਅ ਸੁਣਨ ਦਾ ਸੁਭਾਗ ਮੈਨੂੰ ਨਹੀਂ ਸੀ ਮਿਲਿਆ ਹੁਣ ਵਿਆਖਿਆ ਸਹਿਤ ਸੁਣਨੀਆਂ ਪੈਣਗੀਆਂ। ਉਨ੍ਹਾਂ ਦੀਆਂ ਕਵਿਤਾਵਾਂ ਤਾਂ ਮੈਂ ਮਰਨ ਤੋਂ ਬਾਦ ਵੀ ਸੁਣ ਲੈਂਦਾ ਪਰ ਅਫ਼ਸੋਸ ਸੀ ਕਿ ਮੇਰੀ ਕਬਰ ਦੇ ਖੱਬੇ ਪਾਸੇ ਡਾ. ਜ਼ਾਫ਼ਰ ਅਲੀ ਹੈਦਰੀ ਜੋ ਹਿੰਦੀ ਦੇ ਬੜੇ ਆਲੋਚਕ ਤੇ ਪ੍ਰਗਤੀਸ਼ੀਲ ਸਪਤਾਹਿਕ ਦੇ ਸੰਪਾਦਕ ਸਨ। ਉਹ ਜਦੋਂ ਤਕ ਪਤ੍ਰਿਕਾ ਦੇ ਸੰਪਾਦਕ ਰਹੇ, ਜ਼ਖ਼ਮੀ ਸਾਹਬ ਦੀਆਂ ਰਚਨਾਵਾਂ 'ਧੰਨਵਾਦ ਸਹਿਤ' ਵਾਪਸ ਭੇਜਦੇ ਰਹੇ। ਮੈਨੂੰ ਕੀ ਪਤਾ ਸੀ ਕਿ ਮਰਨ ਤੋਂ ਬਾਦ ਮੈਂ ਦੋ ਉਘੇ ਸਾਹਿਤਕਾਰਾਂ ਵਿੱਚਕਾਰ ਫ਼ਸ ਜਾਵਾਂਗਾ ਜਿਹੜੇ ਮੇਰੀ ਰਾਤਾਂ ਦੀ ਨੀਂਦ ਹਰਾਮ ਕਰਨਗੇ। ਇਸ ਤੋਂ ਇਲਾਵਾ ਮੈਨੂੰ ਇਹ ਗੱਲ ਬਿਲਕੁਲ ਪਸੰਦ ਨਹੀਂ ਸੀ ਕਿ ਮੇਰੀ ਕਬਰ 'ਤੇ 'ਫ਼ਾਤਿਹਾ' ਪੜ੍ਹਨ ਵਾਲੇ ਸਾਹਿਤਕਾਰ ਪੂਰੇ ਸ਼ਹਿਰ 'ਚ ਇਹ ਕਹਿੰਦੇ ਫ਼ਿਰਨ ਕਿ ਦੋ ਮੰਨੇ ਪ੍ਰਮੰਨੇ ਵਿਦਵਾਨਾਂ ਵਿੱਚਕਾਰ ਇਹ ਬੇਵਕੂਫ਼ ਮਾਸਟਰ ਕਿਧਰੋਂ ਘੁਸੜ ਗਿਆ। ਕਬਰ ਖੁਦਾਈ ਸਮੇਂ ਉਥੋਂ ਛੋਟਾ ਜਿਹਾ ਹੱਡੀ ਦਾ ਟੁਕੜਾ ਮਿਲਿਆ। ਮੌਲਾਨਾ ਸਾਹਬ ਬੋਲੇ, 'ਬੰਦ ਕਰੋ। ਲੱਗਦਾ ਹੈ ਇਥੇ ਪਹਿਲਾਂ ਹੀ ਕਿਸੇ ਦੀ ਕਬਰ ਹੈ।' ਖੁਦਾ ਨੇ ਮੇਰੀ ਸੁਣ ਲਈ ਤੇ ਮੈਨੂੰ ਸਾਹਿਤਕ ਗੋਸ਼ਟੀਆਂ ਤੋਂ ਬਚਾ ਲਿਆ। ਲੋਕਾਂ ਕੋਈ ਦੂਜੀ ਜਗ੍ਹਾ ਲੱਭ ਕੇ ਕਬਰ ਪੁਟੀ। ਲੋਕ ਜਨਾਜ਼ੇ ਦੀ ਨਮਾਜ਼ ਲਈ ਕਤਾਰ 'ਚ ਖੜ੍ਹੇ ਹੋ ਗਏ। ਜਲਦੀ ਜਲਦੀ ਨਮਾਜ਼ ਪੜ੍ਹੀ ਗਈ ਤੇ ਮੈਨੂੰ ਕਬਰ 'ਚ ਉਤਾਰਿਆ ਜਾਣ ਲੱਗਾ। ਲੋਕ ਇੰਨੇ ਥੱਕ ਗਏ ਸਨ ਕਿ ਉਨ੍ਹਾਂ ਹੱਥੋਂ ਮੇਰਾ ਮੁਰਦਾ ਹੀ ਛੁੱਟ ਗਿਆ ਤੇ ਮੈਨੂੰ ਤਿੰਨ ਫੁੱਟ ਉਪਰੋਂ ਕਬਰ ਵਿੱਚ ਅਮੋਨੀਅਮ ਸਲਫ਼ੇਟ ਦੇ ਬੋਰੇ ਵਾਂਗ ਸੁੱਟ ਦਿੱਤਾ ਗਿਆ। ਮੌਲਾਨਾ ਬੜੇ ਨਾਰਾਜ਼ ਹੋਏ ਕਹਿਣ ਲੱਗੇ, 'ਇਸਲਾਮ ਇਸ ਦੀ ਇਜਾਜ਼ਤ ਨਹੀਂ ਦਿੰਦਾ ਕਿ ਵਿਅਕਤੀ ਦੀ ਮੌਤ ਤੋਂ ਬਾਅਦ ਉਸ ਦੇ ਮੁਰਦੇ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾਏ। ਖੁਦਾ ਸਾਨੂੰ ਸਭ ਨੂੰ ਮੁਆਫ਼ ਕਰੇ।' ਕਫ਼ਨ ਖੋਲ੍ਹ ਕੇ ਮੇਰਾ ਮੂੰਹ ਬਾਹਰ ਕੱਢਿਆ ਗਿਆ। ਮੌਲਾਨਾ ਨੇ ਐਲਾਨ ਕੀਤਾ ਕਿ ਜੋ ਮੇਰਾ ਮੂੰਹ ਆਖਰੀ ਵਾਰੀ ਦੇਖਣਾ ਚਾਹੁੰਦਾ ਹੈ, ਉਹ ਕਬਰ ਦੇ ਨੇੜੇ ਆ ਜਾਏ। ਕੋਈ ਨਹੀਂ ਆਇਆ ਇੱਕ ਬੱਚਾ ਜਿਸ ਨੂੰ ਮੈਂ ਅੰਗਰੇਜ਼ੀ 'ਚੋਂ ਫ਼ੇਲ ਕਰ ਦਿੱਤਾ ਸੀ ਦੌੜਦਾ ਹੋਇਆ ਆਇਆ ਤੇ ਮੈਨੂੰ ਦੇਖ ਕੇ ਖੂਬ ਰੋਇਆ। ਆਪਣੀਆਂ ਨਿੱਕੀਆਂ ਨਿੱਕੀਆਂ ਹਥੇਲੀਆਂ ਨਾਲ ਹੰਝੂ ਪੂੰਝਦਾ ਰਿਹਾ ਅਤੇ ਫ਼ਿਰ ਮੇਰੀ ਕਬਰ 'ਤੇ ਮਿੱਟੀ ਪਾ ਦਿੱਤੀ ਗਈ। ਇੱਕ ਰੋਜ਼ਾਨਾ ਅਖਬਾਰ 'ਚ ਮੇਰੀ ਮੌਤ ਦੀ ਖਬਰ ਕੁਝ ਇਸ ਤਰ੍ਹਾਂ ਛਪੀ। ਪਿ

# ਮੁੱਖ ਮੰਤਰੀ ਨੇ ਹਿਸਾਰ ਵਿਚ ਜਾਟ ਵਿਦਿਅਕ ਸੰਸਥਾ ਦੇ 100 ਸਾਲ ਪੂਰਾ ਹੋਣ ਤੇ ਚੌਧਰੀ ਛਾਂਜੂ ਰਾਮ ਦੀ 159ਵੀਂ ਜੈਯੰਤੀ ਦੇ ਮੌਕੇ ਵਿਚ ਪ੍ਰਬੰਧਿਤ ਸਮਾਰੋਹ ਵਿਚ ਕੀਤੀ ਸ਼ਿਰਕਤ

**➢ ਦਾਨਵੀਰ ਸੇਠ ਛਾਜੂ ਰਾਮ ਨੇ ਦੇਸ਼ ਵਿਚ ਸਿੱਖਿਆ ਦੀ ਲੋਅ ਜਗਾ ਕਰ ਲੋਕਾਂ ਨੂੰ ਹਨੇਰੇ ਤੋਂ ਉਜਾਲੇ ਦੇ ਵੱਲ ਲੈ ਜਾਣ ਦਾ ਕੀਤਾ ਕੰਮ : ਮੁੱਖ ਮੰਤਰੀ ➢2 ਲੱਖ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ ਬਿਨ੍ਹਾਂ ਪਰਚੀ-ਖਰਚੀ ਦੇ ਸਰਕਾਰੀ ਨੌਕਰੀਆਂ ਦੇਣ ਦਾ ਟੀਚਾ**

**ਚੰਡੀਗੜ੍ਹ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਹਰਿਆਣਾ ਸਰਕਾਰ ਦਾ ਸੰਕਲਪ ਹੈ ਕਿ ਸਾਲ 2030 ਤਕ ਸੂਬੇ ਦਾ ਹਰ ਨੌਜੂਆਨ ਹੁਨਰਮੰਦ ਹੋਵੇ ਅਤੇ ਮਾਲੀ ਰੂਪ ਨਾਲ ਖੁਸ਼ਹਾਲ ਬਣੇ। ਇਸ ਦੇ ਲਈ ਸਰਕਾਰ ਵੱਲੋਂ ਸਿਖਿਆ ਦੇ ਨਾਲ-ਨਾਲ ਨੌਜੂਆਨਾਂ ਦੇ ਸਕਿਲ ਵਿਕਾਸ 'ਤੇ ਵੀ ਜੋਰ ਦਿੱਤਾ ਜਾ ਰਿਹਾ ਹੈ। ਮੌਜੂਦਾ ਸੂਬਾ ਸਰਕਾਰ ਨੇ ਆਪਣੇ ਤੀਜੇ ਕਾਰਜਕਾਲ ਵਿਚ 2 ਲੱਖ ਨੌਜੂਆਨਾਂ ਨੂੰ ਯੋਗਤਾ ਦੇ ਆਧਾਰ 'ਤੇ ਬਿਨ੍ਹਾ ਪਰਚੀ-ਖਰਜੀ ਦੇ ਸਰਕਾਰੀ ਨੌਕਰੀਆਂ ਦੇਣ ਦਾ ਟੀਚਾ ਰੱਖਿਆ ਹੈ। ਮੁੱਖ ਮੰਤਰੀ ਅੱਜ ਜਿਲ੍ਹਾ ਹਿਸਾਰ ਵਿਚ ਜਾਟ ਵਿਦਿਅਕ ਸੰਸਥਾ ਦੇ 100 ਸਾਲ ਪੂਰਾ ਹੋਣ ਤੇ ਚੌਧਰੀ ਛਾਜੂਰਾਮ ਜੀ ਦੇ 159ਵੀਂ ਜੈਯੰਤੀ ਦੇ ਮੌਕੇ ਵਿਚ ਛਾਜੂਰਾਮ ਮੈਮੋਰਿਅਲ ਜਾਟ ਕਾਲਜ ਵਿਚ ਪ੍ਰਬੰਧਿਤ ਸਮਾਰੋਹ ਵਿਚ ਮੌਜੂਦ ਜਨਤਾ ਨੂੰ ਸੰਬੋਧਿਤ ਕਰ ਰਹੇ ਸਨ।

ਇਸ ਮੌਕੇ 'ਤੇ ਮੁੱਖ ਮੰਤਰੀ ਨੇ ਛਾਜੂ ਰਾਮ ਮੈਮੋਰਿਅਲ ੧੮ ਕਾਲਜ ਵਿਚ ਯੋਗਾ ਅਤੇ ਇਨਡੋਰ ਏਕਟੀਵਿਟੀ ਮਲਟੀਪਰਪਸ ਹਾਲ ਦਾ ਉਦਘਾਟਨ ਵੀ ਕੀਤਾ। ਮੁੱਖ ਮੰਤਰੀ ਨੇ ਆਪਣੇ ਏਛਿੱਕ ਕੋਸ਼ ਤੋਂ ਜਾਟ ਵਿਦਿਅਕ ਸੰਸਥਾ ਨੂੰ 31 ਲੱਖ ਰੁਪਏ ਦਾ ਗ੍ਰਾਂਟ ਦੇਣ ਦਾ ਵੀ ਐਲਾਨ ਕੀਤਾ।

ਉਨ੍ਹਾਂ ਨੇ ਕਿਹਾ ਕਿ ਦਾਨਵੀਰ ਸੇਠ ਛਾਜੂ ਰਾਮ ਨੇ ਦੇਸ਼ ਵਿਚ ਸਿਖਿਆ ਦੀ ਲੋਅ ਜਲਾ ਕੇ ਲੋਕਾਂ ਨੂੰ ਹਨੇਰੇ ਤੋਂ ਉਜਾਲੇ ਦੇ ਵੱਲ ਲੈਣ ਜਾਣ ਦਾ ਕੰਮ ਕੀਤਾ। ਉਨ੍ਹਾਂ ਨੇ ਸਿਖਿਆ ਦੇ ਪ੍ਰਚਾਰ-ਪ੍ਰਸਾਰ ਵਿਸ਼ੇਸ਼ ਤੌਰ 'ਤੇ ਪੇਂਡੂ ਖੇਤਰਾਂ ਵਿਚ ਮਹਤੱਵਪੂਰਨ ਭੂਮਿਕਾ ਨਿਭਾਈ। ਰਾਸ਼ਟਰ ਦੇ ਵਿਕਾਸ ਵਿਚ ਉਨ੍ਹਾਂ ਦੇ ਵੱਲੋਂ ਦਿੱਤਾਗਿਆ ਯੋਗਦਾਨ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਅੱਜ ਅਸੀਂ ਜੋ ਵਿਕਸਿਤ ਹਰਿਆਣਾ ਦੇਖ ਰਹੇ ਹਨ, ਉਸ ਨੂੰ ਬਨਾਉਣ ਵਿਚ ਅਜਿਹੀ ਸੰਸਥਾਵਾਂ ਨੇ ਮਹਾਨ ਯੋਗਦਾਨ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਜਾਟ ਵਿਦਿਅਕ ਸੰਸਥਾਵਾਂ ਵਰਗੀ ਸਾਰੀ ਸੰਸਥਾਵਾਂ ਨੇ ਸੂਬਾ ਅਤੇ ਦੇਸ਼ ਦੇ ਵਿਕਾਸ ਵਿਚ ਅਹਿਮ ਯੋਗਦਾਨ ਦਿੱਤਾ ਹੈ। ਸੇਠ ਛਾਜੂਰਾਮ ਸਿਖਿਆ ਦੇ ਮਹਤੱਵ ਨੂੰ ਚੰਗੀ ਤਰ੍ਹਾ ਜਾਣਦੇ ਸਨ। ਇਸ ਲਈ ਉਨ੍ਹਾਂ ਨੇ ਸਿਖਿਆ 'ਤੇ ਜੋਰ ਦਿੰਦੇ ਹੋਏ ਅਨੇਕ ਵਿਦਿਅਕ ਸੰਸਥਾਨ ਸਥਾਪਿਤ ਕੀਤੇ, ਇੰਨ੍ਹਾਂ ਵਿਦਿਅਕ ਸੰਸਥਾਵਾਂ ਨੇ ਦੇਸ਼ ਨੂੰ ਅਨੇਕ ਆਈਏਐਸ ਅਧਿਕਾਰੀ, ਜੱਜ, ਖਿਡਾਰੀ, ਵਿਗਿਆਨਕ ਅਤੇ ਰਾਜਨੇਤਾ ਦਿੱਤੇ ਹਨ, ਜਿਨ੍ਹਾਂ ਨੇ ਭਾਰਤ ਦਾ ਨਾਂਅ ਵਿਸ਼ਵ 'ਤੇ ਮਾਣ ਵਧਾਉਣ ਦਾ ਕੰਮ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੇਠ ਛਾਜੂਰਾਮ ਜੀ ਦੇ ਆਦਰਸ਼ਾਂ 'ਤੇ ਚਲਦੇ ਹੋਏ ਹਰਿਆਣਾ ਸਰਕਾਰ ਨੇ ਪਿਛਲੇ 10 ਸਾਲਾਂ ਵਿਚ ਸਿਖਿਆ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਨੇਕ ਕਦਮ ਚੁੱਕੇ ਹਨ। ਸਰਕਾਰ ਨੇ ਸੂਬੇ ਵਿਚ ਹਰ 20 ਕਿਲੋਮੀਟਰ ਦੀ ਦੂਰੀ 'ਤੇ ਕਾਲਜ ਖੋਲੇ ਹਨ। ਪਿਛਲੇ 10 ਸਾਲਾਂ ਵਿਚ ਸੂਬੇ ਵਿਚ ਕੁੱਲ 77 ਨਵੇਂ ਸਰਕਾਰੀ ਕਾਲਜ ਖੋਲੇ ਗਏ, ਜਿਨ੍ਹਾਂ ਵਿੱਚੋਂ 32 ਕੁੜੀਆਂ ਦੇ ਹਨ। ਸੂਬੇ ਵਿਚ ਕਾਲਜਾਂ ਦੀ ਗਿਣਤੀ

ਵੱਧ ਕੇ 182 ਹੋ ਗਈ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਦਾ ਟੀਚਾ ਹੈ ਕਿ ਹਰ ਬੱਚੇ ਨੂੰ ਪ੍ਰਾਥਮਿਕ ਸਿਖਿਆ ਮਿਲੇ, ਸੈਕੇਂਡਰੀ ਸਿਖਿਆ ਦੇ ਵਿਦਿਆਰਥੀਆਂ ਨੂੰ ਕਾਰੋਬਾਰੀ ਸਿਖਿਆ ਅਤੇ ਉੱਚੇਰੀ ਸਿਖਿਆ ਦੇ ਵਿਦਿਆਰਥੀਆਂ ਨੂੰ ਮਾਹਰਤਾ ਨਾਲ ਲੈਸ ਸਿਖਿਆ ਮਿਲੇ। ਇਸੀ ਦਿਸ਼ਾ ਵਿਚ ਸੂਬੇ ਵਿਚ ਉੱਚੇਰੀ ਸਿਖਿਆ ਪਰਿਸ਼ਦ ਦੀ ਯਥਾਪਨਾ ਕੀਤੀ ਗਈ।

ਉਨ੍ਹਾਂ ਨੇ ਕਿਹਾ ਕਿ ਬਾਹਰਵੀਂ ਵਿਚ 90 ਫੀਸਦੀ ਤੋਂ ਵੱਧ ਨੰਬਰ ਲਿਆਉਣ ਵਾਲੇ ਗਰੀਬ ਪਰਿਵਾਰ ਦੇ ਹੋਨਹਾਨ ਵਿਦਿਆਰਥੀਆਂ ਦੇ ਲਈ ਮੇਧਾਵੀ ਸਕਾਲਰਸ਼ਿਪ ਯੋਜਨਾ ਸ਼ੁਰੂ ਕੀਤੀ ਗਈ ਹੈ। ਇਸ ਦੇ ਤਹਿਤ ਵਿਦਿਅਰਥੀ ਨੂੰ 1 ਲੱਖ 11 ਹਜਾਰ ਰੁਪਏ ਪੁਰਸਕਾਰ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ।

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਸਪਨਾ ਹੈ ਕਿ ਨੌਜੂਆਨਾ ਨੂੰ ਅਜਿਹੀ ਸਿਖਿਆ ਮਿਲੇ, ਜੋ ਉਨ੍ਹਾਂ ਨੂੰ ਰੁਜਗਾਰ ਸਮਰੱਥ ਬਨਾਉਣ, ਚਰਿਤਰਵਾਨ ਬਨਾਉਣ ਅਤੇ ਉਨ੍ਹਾਂ ਵਿਚ ਨੈਤਿਕ ਗੁਣਾ ਦਾ ਸਮਾਵੇਸ਼ ਕਰਨ। ਇਸੀ ਦਿਸ਼ਾ ਵਿਚ ਨਵੀਂ ਕੌਮੀ ਸਿਖਿਆ ਨੀਤੀ ਲਾਗੂ ਕੀਤੀ ਗਈ ਹੈ। ਕੇਂਦਰ ਸਰਕਾਰ ਨੇ ਇਸ ਨੀਤੀ ਦਾ ਸਾਲ 2030 ਤਕ ਲਾਗੂ ਕਰਨ ਦਾ ਟੀਚਾ ਰੱਖਿਆ ਹੈ, ਪਰ ਹਰਿਆਣਾ ਵਿਚ ਇਸ ਸਾਲ 2025 ਤਕ ਹੀ ਪੂਰੀ ਤਰ੍ਹਾ ਨਾਲ ਲਾਗੂ ਕਰ ਦਿੱਤਾ ਜਾਵੇਗਾ। ਇਹ ਨੀਤੀ ਲਾਗੂ ਕਰਨ ਵਾਲਾ ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਹੈ।

ਉਨ੍ਹਾਂ ਨੇ ਕਿਹਾ ਕਿ ਸਕੂਲਾਂ ਵਿਚ ਐਨਐਸਕਿਯੂਐਫ, ਕਾਲਜਾਂ ਵਿਚ ਪਹਿਲ ਯੋਧਨਾ, ਯੂਨੀਵਰਸਿਟੀਆਂ ਵਿਚ ਇਨਕਿਯੂਬੇਸ਼ਨ ਸੈਂਟਰ ਅਤੇ ਤਕਨੀਕੀ ਸੰਸਥਾਨਾਂ ਵਿਚ ਉਦਯੋਗਾਂ ਦੀ ਜਰੂਤ ਅਨੁਸਾਰ ਸਿਖਲਾਈ ਲਈ ਉਦਯੋਗਾਂ ਦੇ ਨਾਲ ਐਮਓਯੂ ਕਰਨ ਵਰਗੇ ਕਾਰਗਰ ਕਦਮ ਚੁੱਕੇ ਗਏ ਹਨ। ਸੂਬਾ ਸਰਕਾਰ ਨੇ ਹਰਿਆਣਾ ਕੌਸ਼ਲ ਵਿਕਾਸ ਮਿਸ਼ਨ ਤਹਿਤ 1 ਲੱਖ ਤੋਂ ਵੱਧ ਨੌਜੂਆਨਾਂ ਨੂੰ ਕੌਸ਼ਲ ਪ੍ਰਦਾਨ ਕੀਤਾ ਹੈ ਤਾਂ ਜੋ ਨੌਜੂਆਨ ਆਪਣੇ ਪੈਰਾ 'ਤੇ ਖੜੇ ਹੋ ਸਕਣ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਬਿਨ੍ਹਾ ਪਰਚੀ-ਖਰਚੀ ਦੇ 1 ਲੱਖ 71 ਹਜਾਰ ਤੋਂ ਵੱਧ ਨੌਜੂਆਨਾਂ ਨੂੰ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਇਸ ਤੋਂ ਇਲਾਵਾ, ਅਸੀਂ ਆਪਣੇ ਤੀਜੇ ਕਾਰਜਕਾਲ ਵਿਚ 2 ਲੱਖ ਨੌਜੂਆਨਾਂ ਨੂੰ ਯੋਗਤਾ ਦੇ ਆਧਾਰ 'ਤੇ ਪੱਕੀ ਸਰਕਾਰੀ ਨੌਕਰੀਆਂ ਦੇਣ ਦਾ ਟੀਚਾ ਰੱਖਿਆ ਹੋਇਆ ਹੈ। ਇਸ ਨੂੰ ਪੂਰਾ ਕਰਨ ਲਈ ਸਰਕਾਰ ਪ੍ਰਤੀਬੱਧ ਹੈ। ਸੂਬਾ ਸਰਕਾਰ ਨੌਜੂਆਨਾਂ ਨੂੰ ਉੱਚੇਰੀ ਅਤੇ ਸਕਿਲ ਲੈਸ ਸਿਖਿਆ ਉਪਲਬਧ ਕਰਵਾਉਣ ਲਈ ਯਤਨਸ਼ੀਲ ਹੈ।

ਉਨ੍ਹਾਂ ਨੇ ਕਿਹਾ ਕਿ ਖੇਡਾਂ ਦੇ ਖੇਤਰ ਵਿਚ ਹਰਿਆਣਾ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਓਲੰਪਿਕ ਖੇਡਾਂ ਵਿਚ ਭਾਰਤ ਨੇ 6 ਮੈਡਲ ਜਿੱਤੇ ਹਨ, ਜਿਨ੍ਹਾਂ ਵਿੱਚੋਂ ਚਾਰ ਮੈਡਲ ਹਰਿਆਣਾ ਦੇ ਖਿਡਾਰੀਆਂ ਨੇ ਹਾਸਲ ਕਰ ਸੂਬੇ ਦਾ ਨਾਂਅ ਦੁਨੀਆ ਵਿਚ ਰੋਸ਼ਨ ਕਰਨ ਦਾ ਕੰਮ ਕਰ ਕੇ ਦਿਖਾਇਆ ਹੈ। ਇਹ ਸੱਭ ਖਿਡਾਰੀਆਂ ਦੀ ਮਿਹਨਤ ਅਤੇ ਸੂਬਾ ਸਰਕਾਰ ਦੀ ਖੇਡ ਨੀਤੀ ਦੇ ਕਾਰਨ ਹੋ ਪਾਇਆ ਹੈ। ਇਸ ਮੌਕੇ 'ਤੇ ਕੈਬਨਿਟ ਮੰਤਰੀ ਰਣਬੀਰ ਗੰਗਵਾ ਨੇ ਕਿਹਾ ਕਿ ਦਾਨਵੀਰ ਸੇਠ ਛਾਜੂਰਾਮ ਨੇ ਨਾ ਸਿਰਫ ਹਰਿਆਣਾ ਸਵੋਂ ਪੂਰੇ ਦੇਸ਼ ਵਿਚ ਵਿਦਿਅਕ ਸੰਸਥਾਵਾਂ ਸਕਾਪਿਤ ਕਰਵਾਇਆਂ। ਉਨ੍ਹਾਂ ਨੇ ਕਿਹਾ ਕਿ ਅੱਜ ਇੰਨ੍ਹਾਂ ਵਿਦਿਅਕ ਸੰਸਥਾਨਾਂ ਵਿਚ ਹਰ ਖੇਤਰ ਅਤੇ ਵਰਗ ਦੇ ਬੱਚੇ ਬਿਹਤਰੀਨ ਸਿਖਿਆ ਗ੍ਰਹਿਣ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਮੈਂ ਵੀ ਇਸੀ ਕਾਲਜ ਤੋਂ ਸਿਖਿਆ ਪ੍ਰਾਪਤ ਕੀਤੀ ਹੈ। ਅੱਜ ਕਾਲਜ ਵਿਚ ਆ ਕੇ ਪੜਾਈ ਦੇ ਦਿਨਾਂ ਦੀ ਯਾਦ ਤਾਜਾ ਹੋ ਗਈ ਹੈ। ਇੱਥੇ ਆ ਕੇ ਮੈਂ ਭਾਵੁਕ ਹੋ ਗਿਆ ਹਾਂ। ਉਨ੍ਹਾਂ ਨੇ ਜਾਟ ਵਿਦਿਅਕ ਸੰਸਥਾਨ ਨੂੰ 11 ਲੱਖ ਰੁਪਏ ਦੀ ਰਕਮ ਦੇਣ ਦਾ ਵੀ ਐਲਾਨ ਕੀਤਾ।

ਸਿਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਹਰਿਆਣਾ ਸਿਖਿਆ ਦੇ ਖੇਤਰ ਵਿਚ ਤੇਜੀ ਨਾਲ ਉਨੱਤੀ ਕਰ ਰਿਹਾ ਹੈ। ਇਸ ਵਿਚ ਦਾਨਵੀਰ ਸੇਠ ਛਾਜੂਰਾਮ ਦਾ ਵਿਸ਼ੇਸ਼ ਯੋਗਦਾਨ ਹੈ। ਮੌਜੂਦਾ ਰਾਜ ਸਰਕਾਰ ਵੀ ਸੇਠ ਛਾਜੂ ਰਾਮ ਦੇ ਦਿਖਾਏ ਮਾਰਗ 'ਤੇ ਚੱਲ ਕੇ ਸਾਰੇ ਵਰਗਾਂ ਦੇ ਉਥਾਨ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸੂਬੇ ਵਿਚ ਭਾਜਪਾ ਸਰਕਾਰ ਆਉਣ ਤੋਂ ਪਹਿਲਾਂ ਨੌਜੂਆਨ ਇਹ ਸੋਚਦੇ ਸਨ ਕਿ ਪੜੀਏ ਜਾਂ ਨਾ ਪੜੀਏ। ਪਰ ਹੁਣ ਨੌਜੂਆਨ ਪੜਾਈ ਕਰ ਰਹੇ ਹਨ ਕਿਉਂਕਿ ਉਨ੍ਹਾਂ ਵਿਚ ਇਹ ਭਰੋਸਾ ਜਾਗ ਗਿਆ ਹੈ ਕਿ ਮਿਹਨਤ ਕਰਨ ਨਾਲ ਵੱਡੇ ਤੋਂ ਵੱਡੇ ਸਰਕਾਰੀ ਅਹੁਦੇ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਗਰੀਬ ਤੇ ਗਰੀਬ ਪਰਿਵਾਰਾਂ ਦੇ ਬੱਚੇ ਵੀ ਆਪਣੀ ਮਿਹਨਤ ਦੇ ਦਮ 'ਤੇ ਸਰਕਾਰੀ ਨੌਕਰੀ ਹਾਸਲ ਕਰ ਰਹੇ ਹਨ। ਸਿਖਿਆ ਮੰਤਰੀ ਨੇ ਵਿਦਿਅਕ ਸੰਸਥਾਨ ਨੂੰ 21 ਲੱਖ ਰੁਪਏ ਦੀ ਰਕਮ ਦੇਣ ਦਾ ਐਲਾਨ ਕੀਤਾ।

## ਸਰਕਾਰੀ ਸੀਨੀਅਰ ਸੰਕੈਡਰੀ ਸਕੂਲ (ਲੜਕੇ) ਸਬਾਜਪੁਰ ਵਿਖੇ ਮਾਸ ਕਾਉਂਸਲਿੰਗ ਦਾ ਕੀਤਾ ਗਿਆ ਆਯੋਜਨ

**ਤਰਨ ਤਾਰਨ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ,ਤਰਨ ਤਾਰਨ ਸ੍ਰੀ ਰਾਹੁਲ ਆਈ.ਏ.ਐਸ, ਦੀ ਅਗਵਾਈ ਹੇਠ ਜਿਲਾ ਰੋਜਗਾਰ ਅਤੇ ਕਾਰੋਬਾਰ ਬਿਊਰੋ,ਤਰਨ ਤਾਰਨ ਵੱਲੋਂ ਜਿਲ੍ਹਾ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਮਾਸ ਕਾਉਂਸਲਿੰਗ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਪ੍ਰੋਗਰਾਮ ਦੇ ਤਹਿਤ ਅੱਜ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ (ਲੜਕੇ) ਸਬਾਜਪੁਰ ਵਿਖੇ ਮਾਸ ਕਾਉਂਸਲਿੰਗ ਦਾ ਆਯੋਜਨ ਕੀਤਾ ਗਿਆ ਹੈ। ਇਸ ਪ੍ਰੋਗਰਾਮ ਵਿੱਚ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ ਲੜਕੀਆ ਸਬਾਜਪੁਰ, ਸਰਕਾਰੀ ਸੀਨੀਅਰ ਸੰਕੈਡਰੀ ਸਕੂਲ ਮਾਣੇਚਾਹਲ ਕਲਾ, ਸਰਕਾਰੀ ਹਾਈ ਸਕੂਲ ਡਾਲੇਕੇ, ਸਰਕਾਰੀ ਹਾਈ ਸਕੂਲ ਪਲਾਸੋਰ, ਸਰਕਾਰੀ ਹਾਈ ਸਕੂਲ ਡਿਆਲ, ਸਰਕਾਰੀ ਹਾਈ ਸਕੂਲ ਘੁਰਕਵਿੰਡ, ਦੇ ਨੌਵੀਂ, ਦੱਸਵੀ, +1 ਅਤੇ 10+2 ਦੇ 307 ਵਿਦਿਆਰਥੀਆਂ ਦੇ ਭਾਗ ਲਿਆ। ਇਸ ਮੌਕੇ ਸਟੇਜ ਦਾ ਸੰਚਾਲਨ ਸ੍ਰੀਮਤੀ ਮਨਦੀਪ ਕੌਰ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ (ਲੜਕੇ) ਸਬਾਜਪੁਰ ਵੱਲੋਂ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਬੁਲਾਰਿਆ ਨੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਡਿਫੈਂਸ ਸਰਵਿਸਜ਼, ਸਿਵਿਲ ਸਰਵਿਸਜ਼, PGRKA NCS ਪੋਰਟਲ,ਸਾਫਟ ਸਕਿਲ,ਮੁਕਾਬਲੇ ਦੀਆਂ ਪ੍ਰੀਖਿਆਵਾਂ, ਪਰਸਨੈਲਿਟੀ ਡਿਵੈਲਪਮੈਂਟ, ਸੀ-ਪਾਈਟ ਟਰੇਨਿੰਗ, ਸਕਿਲ ਸੁਧਾਰ, ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਸ ਅਤੇ ਮਾਈ ਭਾਗੋ ਆਰਮਡ ਫੋਰਸਿਸ ਆਦਿ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਮਾਸ ਕਾਉਂਸਲਿੰਗ ਪ੍ਰੋਗਰਾਮ ਵਿੱਚ ਸ਼੍ਰੀ ਵਿਕਰਮ ਜੀਤ, ਜਿਲਾ ਰੋਜਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਾਲਾਈ ਅਫਸਰ, ਤਰਨ ਤਾਰਨ, ਸ੍ਰੀ ਪਰਮਜੀਤ ਸਿੰਘ, ਡਿਪਟੀ ਡੀ.ਈ.ਉ ਜਿਲਾ ਸਿੱਖਿਆਂ ਵਿਭਾਗ (ਸਕੈਂਡੰਰੀ),ਤਰਨ ਤਾਰਨ, ਸ੍ਰੀ ਸੁਖਬੀਰ ਸਿੰਘ ਕੰਗ ਜਿਲਾ ਗਾਈਡੈਂਸ ਕਾਉਂਸਲਰ, ਸ੍ਰੀ ਸੁਖਦੇਵ ਸਿੰਘ ਆਈ.ਟੀ.ਆਈ. ਸਰਹਾਲੀ, ਸ੍ਰੀਮਤੀ ਸਿਮਰਨਜੀਤ ਕੌਰ ਇੰਸਟਰਕੰਟਰ, ਆਈ.ਟੀ.ਆਈ, ਕੱਦ ਗਿੱਲ, ਸ੍ਰੀ ਗੁਰਪ੍ਰੀਤ ਸਿੰਘ ਆਈ.ਟੀ.ਆਈ. ਪੱਟੀ, ਸ੍ਰੀ ਸਤਨਾਮ ਸਿੰਘ, ਸਰਕਾਰੀ ਬਹੁ ਤਕਨੀਕੀ ਕਾਲਜ, ਭਿੱਖੀਵਿੰਡ, ਵੱਲੋ ਸ਼ਿਰਕਤ ਕੀਤੀ ਗਈ ਅਤੇ ਬੱਚਿਆ ਨੂੰ ਆਪਣੇ-ਆਪਣੇ ਵਿਭਾਗ ਨਾਲ ਸੰਬਧਤ ਸਕੀਮਾਂ ਬਾਰੇ ਅਤੇ ਕਰੀਅਰ ਗਾਈਡੈਂਸ ਸੰਬਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਪ੍ਰਿੰਸੀਪਲ ਸ੍ਰੀ ਗੁਰਬਖਸ਼ ਸਿੰਘ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ (ਲੜਕੇ) ਸਬਾਜਪੁਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਵੱਖ ਵੱਖ ਮਾਹਿਰਾਂ ਵੱਲੋ ਦਿੱਤੀ ਗਈ ਜਾਣਕਾਰੀ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਗਿਆ।

## ਵਿਧਾਇਕ ਜਿੰਪਾ ਨੇ 35 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਟਿਊਬਵੈਲ ਦੇ ਕੰਮ ਦੀ ਕਰਾਈ ਸ਼ੁਰੂਆਤ

**ਹੁਸ਼ਿਆਰਪੁਰ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਵੱਲੋਂ ਸ਼ਹਿਰ ਦੇ ਵਾਰਡ ਨੰਬਰ 27, ਮੁਹੱਲਾ ਨਿਊ ਦੀਪ ਨਗਰ ਵਿਚ 35 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਟਿਊਬਵੈਲ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਟਿਊਬਵੈਲ ਇਲਾਕਾ ਨਿਵਾਸੀਆਂ ਦੀ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਵੇਗਾ ਅਤੇ ਇਸ ਨਾਲ ਲੋਕਾਂ ਨੂੰ ਕਾਫੀ ਲਾਭ ਮਿਲੇਗਾ।

ਵਿਧਾਇਕ ਜਿੰਪਾ ਨੇ ਦੱਸਿਆ ਕਿ ਇਲਾਕੇ ਵਿਚੋਂ ਟਿਊਬਵੈਲ ਦੀ ਮੰਗ ਆਈ ਸੀ ਜਿਸ 'ਤੇ ਲੋੜੀਂਦੀ ਮਨਜੂਰੀ ਉਪਰੰਤ ਟਿਊਬਵੈਲ ਦਾ ਕੰਮ ਸ਼ੁਰੂ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਹਰ ਖੇਤਰ ਵਿਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤਾਂ ਜੋ ਹਰੇਕ ਨਾਗਰਿਕ ਬੁਨਿਆਦੀ ਸਹੂਲਤਾਂ ਦਾ ਲਾਭ ਲੈ ਸਕੇ। ਉਨ੍ਹਾਂ ਕਿਹਾ ਕਿ ਇਹ ਟਿਊਬਵੈਲ ਪ੍

# ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਸ਼ਹਿਰ ਵਿੱਚ 120 ਕਰੋੜ ਰੁਪਏ ਦੇ ਵੱਖ-ਵੱਖ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ

## ਲੋਹਾਰਾ ਪੁਲ ਬਣਾਉਣ ਲਈ ਪ੍ਰਾਜੈਕਟ ਸ਼ੁਰੂ; ਜਮਾਲਪੁਰ ਡੰਪ ਸਾਈਟ ਅਤੇ ਜੈਨਪੁਰ ਸਾਈਟ ਤੋਂ ਲੈਗੇਸੀ ਵੇਸਟ ਦਾ ਨਿਪਟਾਰਾ ਕਰਨ ਲਈ ਵੀ ਪ੍ਰਾਜੈਕਟ ਕੀਤੇ ਸ਼ੁਰੂ

**ਚੰਡੀਗੜ੍ਹ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਨੂੰ ਸਵਛਤਾ ਦੀਆਂ ਹੋਰ ਬਿਹਤਰ ਸਹੂਲਤਾਂ ਦਿੰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ: ਰਵਜੋਤ ਸਿੰਘ ਨੇ ਸ਼ਹਿਰ ਵਿੱਚ ਕਰੀਬ 120 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ।

ਸਿੱਧਵਾਂ ਨਹਿਰ 'ਤੇ ਲੋਹਾਰਾ ਪੁਲ ਦੇ ਨਿਰਮਾਣ ਅਤੇ ਜਮਾਲਪੁਰ ਡੰਪ ਸਾਈਟ (ਲਗਭਗ 19.62 ਲੱਖ ਮੀਟ੍ਰਿਕ ਟਨ) ਅਤੇ ਜੈਨਪੁਰ ਸਾਈਟ (2 ਲੱਖ ਮੀਟ੍ਰਿਕ ਟਨ ਤੋਂ ਵੱਧ) 'ਤੇ ਜਮ੍ਹਾ ਲਗੇਸੀ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ ਹੈ। ਇਨ੍ਹਾਂ ਪ੍ਰਾਜੈਕਟਾਂ ਦੀ ਅੰਦਾਜ਼ਨ ਲਾਗਤ ਕਰੀਬ 120 ਕਰੋੜ ਰੁਪਏ ਹੈ।

ਸਭ ਤੋਂ ਪਹਿਲਾਂ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਲੁਧਿਆਣਾ ਦੱਖਣੀ ਦੀ ਵਿਧਾਇਕਾ ਰਜਿੰਦਰਪਾਲ ਕੌਰ ਛੀਨਾ ਅਤੇ ਨਗਰ ਨਿਗਮ ਕਮਿਸ਼ਨਰ ਅਦਿਤਿਆ ਡੇਚਲਵਾਲ ਨਾਲ ਲੋਹਾਰਾ ਖੇਤਰ ਵਿੱਚ ਸਿੱਧਵਾਂ ਨਹਿਰ 'ਤੇ ਪੁਲ (ਲੋਹਾਰਾ ਪੁਲ) ਬਣਾਉਣ ਦੇ ਪ੍ਰੋਜੈਕਟ ਦਾ ਉਦਘਾਟਨ ਕੀਤਾ। ਇਹ ਪੁਲ ਕਰੀਬ 12.50 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਜਾਵੇਗਾ। ਵਿਧਾਇਕ ਛੀਨਾ ਨੇ ਕਿਹਾ ਕਿ ਇਹ ਸ਼ਹਿਰ ਵਾਸੀਆਂ ਦੀ ਚਿਰੋਕਣੀ ਮੰਗ ਸੀ। ਇਸ ਪ੍ਰਾਜੈਕਟ ਦਾ ਉਦਘਾਟਨ ਕਰਕੇ ਉਨ੍ਹਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਲਾਕਾ ਵਾਸੀਆਂ ਨਾਲ ਕੀਤਾ ਵਾਅਦਾ ਪੂਰਾ ਕਰ ਦਿੱਤਾ ਹੈ। ਇਸ ਪੁਲ ਦੇ ਬਣਨ ਨਾਲ ਇਲਾਕੇ ਵਿੱਚ ਆਵਾਜਾਈ ਨੂੰ ਸੁਚਾਰੂ ਬਣਾਇਆ ਜਾਵੇਗਾ। ਮੰਤਰੀ ਡਾ. ਰਵਜੋਤ ਸਿੰਘ ਨੇ ਲੁਧਿਆਣਾ ਦੱਖਣੀ ਹਲਕੇ ਵਿੱਚ ਵਿਕਾਸ ਕਾਰਜ ਕਰਵਾਉਣ ਲਈ ਆਪਣੇ ਅਖਤਿਆਰੀ ਕੋਟੇ ਵਿੱਚੋਂ 1 ਕਰੋੜ ਰੁਪਏ ਜਾਰੀ ਕਰਨ ਦਾ ਐਲਾਨ ਵੀ ਕੀਤਾ।

ਇਸ ਤੋਂ ਇਲਾਵਾ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਲੁਧਿਆਣਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਅਤੇ ਨਗਰ ਨਿਗਮ ਕਮਿਸ਼ਨਰ ਆਦਿਤਿਆ ਡੇਚਲਵਾਲ ਨਾਲ ਮਿਲ ਕੇ ਤਾਜਪੁਰ ਰੋਡ 'ਤੇ ਜਮਾਲਪੁਰ ਮੁੱਖ ਡੰਪ ਸਾਈਟ 'ਤੇ ਇਕੱਠੇ ਹੋਏ ਲਗਭਗ 19.62 ਲੱਖ ਮੀਟ੍ਰਿਕ ਟਨ ਕੂੜੇ ਦੇ ਢੇਰਾਂ ਦੇ ਨਿਪਟਾਰੇ ਲਈ ਪ੍ਰੋਜੈਕਟ ਦਾ ਉਦਘਾਟਨ ਕੀਤਾ। ਕਰੀਬ 100 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਜਾ ਰਹੇ ਇਸ ਪ੍ਰਾਜੈਕਟ ਤਹਿਤ 'ਕੂੜੇ ਦੇ ਢੇਰ' ਹਟਾਏ ਜਾਣਗੇ। ਚਿਰਾਂ ਤੋਂ ਜਮਾ ਹੋਏ ਕੂੜੇ ਦੇ ਢੇਰਾਂ ਦਾ ਬਾਇਓਰੀਮੀਡੀਏਸ਼ਨ ਪ੍ਰਕਿਰਿਆ ਰਾਹੀਂ ਨਿਪਟਾਰਾ ਕੀਤਾ ਜਾਵੇਗਾ।

ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਅਤੇ ਲੁਧਿਆਣਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਨੇ ਕਿਹਾ ਕਿ ਵਿਰਾਸਤੀ ਰਹਿੰਦ-ਖੂੰਹਦ ਨੂੰ ਹਟਾਉਣ ਨਾਲ ਸ਼ਹਿਰ ਵਾਸੀਆਂ ਨੂੰ ਬਦਬੂ ਤੋਂ ਵੱਡੀ ਰਾਹਤ ਮਿਲੇਗੀ। ਓਹਨਾ ਕਿਹਾ ਸ਼ਹਿਰ ਵਾਸੀਆਂ ਦੀ ਚਿਰੋਕਣੀ ਮੰਗ ਹੁਣ ਪੂਰੀ ਹੋ ਗਈ ਹੈ। ਰਹਿੰਦ-ਖੂੰਹਦ ਨੂੰ ਹਟਾਉਣ ਤੋਂ ਬਾਅਦ, ਨਗਰ ਨਿਗਮ ਦੀ ਲਗਭਗ 41 ਏਕੜ ਜ਼ਮੀਨ ਖਾਲੀ ਹੋ ਜਾਵੇਗੀ ਅਤੇ ਫਿਰ ਇਸ ਜ਼ਮੀਨ ਨੂੰ ਵਸਨੀਕਾਂ ਦੀ ਭਲਾਈ ਲਈ ਵਰਤਿਆ ਜਾਵੇਗਾ।

ਬਾਅਦ ਵਿੱਚ ਕੈਬਨਿਟ ਮੰਤਰੀ ਡਾ: ਰਵਜੋਤ ਸਿੰਘ ਨੇ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਅਤੇ ਨਗਰ ਨਿਗਮ ਕਮਿਸ਼ਨਰ ਅਦਿਤਿਆ ਡੇਚਲਵਾਲ ਨਾਲ ਮਿਲ ਕੇ ਨਗਰ ਨਿਗਮ ਦੀ ਜੈਨਪੁਰ ਸਾਈਟ ਤੋਂ 2 ਲੱਖ ਮੀਟ੍ਰਿਕ ਟਨ ਤੋਂ ਵੱਧ ਵਿਰਾਸਤੀ ਰਹਿੰਦ-ਖੂੰਹਦ ਨੂੰ ਨਿਪਟਾਉਣ ਲਈ ਪ੍ਰੋਜੈਕਟ ਦਾ ਉਦਘਾਟਨ ਕੀਤਾ। ਰਹਿੰਦ-ਖੂੰਹਦ ਦਾ ਨਿਪਟਾਰਾ ਬਾਇਓਰੀਮੀਡੀਏਸ਼ਨ ਰਾਹੀਂ ਕੀਤਾ ਜਾਵੇਗਾ ਅਤੇ ਇਹ ਪ੍ਰਾਜੈਕਟ ਲਗਭਗ 11 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਨਾਲ ਕੀਤਾ ਜਾ ਰਿਹਾ ਹੈ। ਵਿਰਾਸਤੀ ਰਹਿੰਦ-ਖੂੰਹਦ ਨੂੰ ਹਟਾਉਣ ਤੋਂ ਬਾਅਦ ਲਗਭਗ 29 ਏਕੜ ਜ਼ਮੀਨ ਖਾਲੀ ਹੋ ਜਾਵੇਗੀ ਅਤੇ ਇਸ ਜ਼ਮੀਨ ਦੀ ਵਰਤੋਂ ਨਗਰ ਨਿਗਮ ਦੇ ਭਵਿੱਖ ਦੇ ਪ੍ਰੋਜੈਕਟਾਂ ਲਈ ਕੀਤੀ ਜਾਵੇਗੀ।

ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਨਿਰੰਤਰ ਕੰਮ ਕਰ ਰਹੀ ਹੈ। ਸੋਮਵਾਰ ਨੂੰ ਜਿਨ੍ਹਾਂ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਗਿਆ ਹੈ, ਉਨ੍ਹਾਂ ਨਾਲ ਸ਼ਹਿਰ ਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ। ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਸੂਬਾ ਸਰਕਾਰ ਟਿਕਾਊ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਸੂਬੇ ਭਰ ਵਿੱਚ ਮਿਆਰੀ ਬੁਨਿਆਦੀ ਢਾਂਚਾ ਸਥਾਪਤ ਕੀਤਾ ਜਾ ਰਿਹਾ ਹੈ।

## ਸਰਕਾਰੀ ਕਾਲਜ ਰੋਪੜ ਦੇ ਹੋਮ ਸਾਇੰਸ ਵਿਭਾਗ ਦੇ ਵਿਦਿਆਰਥੀਆਂ ਨੇ ਉਦਯੋਗਿਕ ਦੌਰਾ ਕੀਤਾ

**ਰੂਪ ਨਗਰ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੀ ਵਿੱਤੀ ਸਹਾਇਤਾ ਤਹਿਤ ਸਰਕਾਰੀ ਕਾਲਜ ਰੋਪੜ ਦੇ ਹੋਮ ਸਾਇੰਸ ਵਿਭਾਗ ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਫੂਡ ਐਂਟ ਯੂ, ਇੰਡਸਟ੍ਰੀਅਲ ਏਰੀਆ ਅਤੇ ਚੰਡੀਗੜ੍ਹ ਦਾ ਦੌਰਾ ਕੀਤਾ।

ਇਸ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਉੱਦਮਤਾ ਯੂਨਿਟ ਦਿਖਾਉਣਾ ਸੀ। ਪ੍ਰੋ. ਅਰਵਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਇਸ ਦੌਰੇ ਤੋਂ ਫੂਡ ਫੈਕਟਰੀ ਦੀ ਉਦਪਾਦਨ ਪ੍ਰਕਿਰਿਆ, ਗੁਣਵੱਤਾ, ਨਿਯੰਤਰਨ, ਬੁਨਿਆਦੀ ਢਾਚਾਂ, ਰਸੋਈ ਦੇ ਉਪਕਰਨ ਅਤੇ ਤਕਨੀਕ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ।

ਫੂਡ ਫੈਕਟਰੀ ਦੇ ਮੁੱਖ ਕਾਰਜਕਾਰੀ ਨਵੀਨ ਗੁਪਤਾ ਨੇ ਵਿਦਿਆਰਥੀਆਂ ਨੂੰ ਕਲਾਉਡ ਕਿਚਨ ਦੀ ਸਥਾਪਨਾ ਅਤੇ ਸੰਚਾਲਨ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਆਪਣੇ ਦੁਆਰਾ ਚਲਾਈ ਜਾ ਰਹੀ ਸੀਕਾ ਅਕਾਦਮੀ ਅਧੀਨ ਚਲਾਏ ਜਾਂਦੇ ਵੱਖ-ਵੱਖ ਪੇਸ਼ਾਵਰ ਕੁਕਿੰਗ ਕੋਰਸਾਂ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਉਦਯੋਗਿਕ ਦੌਰੇ ਵਿੱਚ ਕਾਲਜ ਦੇ 100 ਤੋਂ ਵੱਧ ਵਿਦਿਆਰਥੀਆਂ ਨੇ ਲਾਭ ਹਾਸਲ ਕੀਤਾ। ਜਿਕਰਯੋਗ ਹੈ ਕਿ ਨਵੀਂ ਰਾਸ਼ਟਰੀ ਸਿੱਖਿਆ ਨੀਤੀ 2020 ਤਹਿਤ ਅਜਿਹੇ ਦੌਰੇ ਯੂਨੀਵਰਸਿਟੀ ਦੇ ਸਿਲੇਬਸ ਅਨੁਸਾਰ ਕੁਸ਼ਲਤਾ ਵਾਧਾ ਕੋਰਸ ਦਾ ਅਹਿਮ ਹਿੱਸਾ ਹਨ।

ਇਸ ਦੌਰੇ ਵਿੱਚ ਡਾ. ਦਲਵਿੰਦਰ ਸਿੰਘ, ਪ੍ਰੋ. ਡਿੰਪਲ ਧੀਰ ਅਤੇ ਪ੍ਰੋ. ਮਨਪ੍ਰੀਤ ਸਿੰਘ ਅਤੇ ਪ੍ਰਵੀਨ ਚੌਧਰੀ ਨੇ ਸ਼ਮੂਲੀਅਤ ਕੀਤੀ।

## ਡੇਰਾ ਬਾਬਾ ਨਾਨਕ ਦੀ ਇਤਹਾਸਿਕ ਜਿੱਤ ਨੂੰ ਲੈ ਕੇ ਪਾਰਟੀ ਕਾਰਜਕਰਤਾਵਾਂ ਵਿੱਚ ਖੁਸੀ ਦੀ ਲਹਿਰ

**ਪਠਾਨਕੋਟ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੜੀ ਇਤਹਾਸਿਕ ਜਿੱਤ ਬਾਬਾ ਨਾਨਕ ਦੀ ਧਰਤੀ ਤੋਂ ਡੇਰਾ ਬਾਬਾ ਨਾਨਕ ਜਿੱਥੇ ਬਹੁਤ ਹੀ ਖੁਬਸੂਰਤ ਸੰਦੇਸ ਜੋ ਡੇਰਾ ਨਿਵਾਸੀਆਂ ਨੇ ਦਿੱਤਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਕੀਤੇ ਗਏ ਕਾਰਜਾਂ ਨੂੰ ਵੇਖਦਿਆਂ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਬਹੁਤ ਹੀ ਵਧੀਆ ਜਿੱਤ ਦਿੱਤੀ, ਇਸ ਲਈ ਡੇਰਾ ਬਾਬਾ ਨਾਨਕ ਦੇ ਲੋਕਾਂ ਦਾ ਦਿਲ ਤੋਂ ਧੰਨਵਾਦ ਕਰਦੇ ਹਾਂ। ਇਹ ਵਿਚਾਰ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਸਰਨਾ ਵਿਖੇ ਡੇਰਾ ਬਾਬਾ ਨਾਨਕ ਹਲਕੇ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਦੀ ਖੁਸੀ ਵਿੱਚ ਇੱਕ ਸਮਾਰੋਹ ਦੋਰਾਨ ਸੰਬੋਧਤ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਬਲਜਿੰਦਰ ਕੌਰ ਹਲਕਾ ਇੰਚਾਰਜ ਮਹਿਲਾ ਵਿੰਗ, ਤਨੂੰ ਠਾਕੁਰ, ਵਿੱਕੀ, ਜੋਗਿੰਦਰ, ਰਾਹੁਲ ਖੁਲਰ, ਕੈਲਾਸ, ਰੀਤਿਕਾ ਨਗਰ ਕੌਂਸਲਰ,ਰਜਿੰਦਰ ਕੌਰ ਰਜਨੀ ਸਰਪੰਚ ਆਸਾਬਾਨੋ, ਰਾਣੀ, ਗੋਲਡੀ ਹਿੰਗਲ, ਅਮਿਤ ਮਹਿਰਾ, ਸੰਜੇ ਪਾਸੀ, ਜੋਗਿੰਦਰ ਧਾਰੀਵਾਲ, ਅਵਤਾਨ ਪੀਨਾ, ਰਵੀ ਕਮਲ ਬਲਾਕ ਪ੍ਰਧਾਨ, ਸੇਠੀ ਧੋਬੜਾ , ਬੱਬਲੀ ਕੁਮਾਰ ਬਲਾਕ ਪ੍ਰਧਾਨ, ਸਾਹਿਲ ਕੁਮਾਰ ਅਤੇ ਹੋਰ ਪਾਰਟੀ ਕਾਰਜਕਰਤਾ ਵੀ ਹਾਜਰ ਸਨ।

ਜਿਕਰਯੋਗ ਹੈ ਕਿ ਅੱਜ ਡੇਰਾ ਬਾਬਾ ਨਾਨਕ ਹਲਕੇ ਅੰਦਰ ਆਮ ਆਦਮੀ ਪਾਰਟੀ ਦੀ ਜਿੱਤ ਦੀ ਖੁਸੀ ਵਿੱਚ ਸਰਨਾ ਵਿਖੇ ਇੱਕ ਖੁਸੀ ਦਾ ਜਸਨ ਮਨਾਉਂਣ ਲਈ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੋਕੇ ਤੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਅਤੇ ਹੋਰ ਪਾਰਟੀ ਕਾਰਜਕਰਤਾ ਮੋਕੇ ਤੇ ਹਾਜਰ ਸਨ। ਜਿੱਤ ਦੀ ਖੁਸੀ ਲੱਡੂ ਵੰਡ ਕੇ, ਆਤਿਸਬਾਜੀ ਕਰਕੇ ਅਤੇ ਢੋਲ ਦੀ ਥਾਪ ਤੇ ਭੰਗੜੇ ਪਾ ਕੇ ਵਿਅਕਤ ਕੀਤੀ ਗਈ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਦੀ ਜਿੱਤ ਮਾਨਯੋਗ ਮੁੱਖ ਮੰਤਰੀ ਦੇ 30 ਮਹੀਨਿਆ ਦੇ ਕਾਰਜਕਾਲ ਨੂੰ ਵੇਖਦਿਆਂ ਹੋਇਆ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਗੁਰਦੀਪ ਸਿੰਘ ਰੰਧਾਵਾ ਨੂੰ ਭਾਰੀ ਬਹੁਮੱਤ ਦੇ ਨਾਲ ਜਿੱਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅੱਜ ਉਹ ਦੋ ਵਿਅਕਤੀ ਜੋ 2027 ਵਿੱਚ ਅਪਣੇ ਆਪ ਨੂੰ ਮੁੱਖ ਮੰਤਰੀ ਪਦ ਦੇ ਦਾਅਵੇਦਾਰ ਮੰਨਦੇ ਸਨ ਲੋਕਾਂ ਵੱਲੋਂ ਉਨ੍ਹਾਂ ਨੂੰ ਜੀਰੋ ਦਿਖਾਈ ਗਈ ਹੈ , ਲੋਕਾਂ ਵੱਲੋਂ ਉਨ੍ਹਾਂ ਲੋਕਾਂ ਦੇ ਮੁੰਹ ਤੇ ਕਰਾਰੀ ਚਪੇੜ ਮਾਰ ਕੇ ਉਨ੍ਹਾਂ ਲੋਕਾਂ ਨੂੰ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਡੇਰਾ ਬਾਬਾ ਨਾਨਕ ਦੇ ਲੋਕਾਂ ਦਾ ਬਹੁਤ ਹੀ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਵੱਲੋਂ ਆਦਮੀ ਆਦਮੀ ਪਾਰਟੀ ਦੇ ਕਾਰਜਾਂ ਨੂੰ ਵੇਖਦਿਆਂ ਹੋਇਆ ਪਾਰਟੀ ਨੂੰ ਜਿੱਤ ਦਿਲਾਈ ਹੈ। ਉਨ੍ਹਾਂ ਕਿਹਾ ਕਿ ਅੱਜ ਸਰਨਾ, ਨਰੋਟ ਜੈਮਲ ਸਿੰਘ, ਬਮਿਆਲ, ਸਿਹੋੜਾ, ਸੁੰਦਰਚੱਕ, ਬੇਗੋਵਾਲ, ਘਰੋਟਾ, ਕਥਲੋਰ ਆਦਿ ਸਥਾਨਾਂ ਤੇ ਪਾਰਟੀ ਦੇ ਕਾਰਜਕਰਤਾਵਾਂ ਵੱਲੋਂ ਡੇਰਾ ਬਾਬਾ ਨਾਨਕ ਦੀ ਜਿੱਤ ਦੀ ਖੁਸੀ ਵਿੱਚ ਜਸਨ ਮਨਾਏ ਗਏ ਹਨ ।

ਉਨ੍ਹਾਂ ਕਿਹਾ ਕਿ ਉਹ ਇਸ ਜਿੱਤ ਲਈ ਸ੍ਰੀ ਅਰਵਿੰਦ ਕੇਜਰੀਵਾਲ ਜੀ, ਸਦੀਪ ਪਾਠਕ ਜੀ, ਰਾਘਵ ਚੱਢਾ ਜੀ ਅਤੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਨ ਜਿਨ੍ਹਾਂ ਦੀ ਯੋਗ ਅਗਵਾਈ ਅੰਦਰ ਆਮ ਆਦਮੀ ਪਾਰਟੀ ਦੀ ਡੇਰਾ ਬਾਬਾ ਨਾਨਕ ਅੰਦਰ ਜਿੱਤ ਪ੍ਰਾਪਤ ਹੋਈ ਹੈ। ਉਨ੍ਹਾਂ ਕਿਹਾ ਕਿ ਡੇਰਾ ਬਾਬਾ ਨਾਨਕ ਅੰਦਰ ਹੁਣ ਪਹਿਲਾ ਨਾਲੋਂ ਵੀ ਵਿਕਾਸ ਤੇਜੀ ਨਾਲ ਹੋਵੇਗਾ । ਉਨ੍ਹਾਂ ਇੱਕ ਵਾਰ ਫਿਰ ਤੋਂ ਡੇਰਾ ਬਾਬਾ ਨਾਨਕ ਅਤੇ ਜਿਲ੍ਹਾ ਗੁਰਦਾਸਪੁਰ, ਪਠਾਨਕੋਟ ਦੇ ਲੋਕਾਂ ਨੂੰ ਡੇਰਾ ਬਾਬਾ ਨਾਨਕ ਦੀ ਜਿੱਤ ਦੀ ਖੁਸੀ ਵਿੱਚ ਸੁਭਕਾਮਨਾਵਾਂ ਦਿੱਤੀਆਂ।

## ਮੁੱਖ ਮੰਤਰੀ ਦਾ ਕਿਸਾਨਾਂ ਨੂੰ ਵੱਡਾ ਤੋਹਫਾ, ਗੰਨੇ ਦੇ ਭਾਅ ਵਿੱਚ ਪ੍ਰਤੀ ਕੁਇੰਟਲ 10 ਰੁਪਏ ਇਜ਼ਾਫਾ

**ਚੰਡੀਗੜ੍ਹ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੰਨਾ ਕਾਸ਼ਤਕਾਰਾਂ ਲਈ ਸਭ ਤੋਂ ਵੱਧ ਗੰਨੇ ਦਾ ਭਾਅ (ਸਟੇਟ ਐਗਰੀਡ ਪ੍ਰਾਈਸ) ਦੇਣ ਵਿੱਚ ਦੇਸ਼ ਦੀ ਅਗਵਾਈ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਸ.ਏ.ਪੀ. ਵਿੱਚ ਪ੍ਰਤੀ ਕੁਇੰਟਲ 10 ਰੁਪਏ ਇਜ਼ਾਫਾ ਕਰਨ ਦਾ ਐਲਾਨ ਕੀਤਾ, ਜਿਸ ਨਾਲ ਕਿਸਾਨਾਂ ਨੂੰ ਗੰਨੇ ਦੀ ਫਸਲ ਦਾ ਪ੍ਰਤੀ ਕੁਇੰਟਲ 401 ਰੁਪਏ ਭਾਅ ਮਿਲੇਗਾ।

ਇਕ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਗੰਨਾ ਕਾਸ਼ਤਕਾਰਾਂ ਦੀ ਭਲਾਈ ਲਈ ਵਚਨਬੱਧ ਹੈ, ਇਸ ਲਈ ਕਿਸਾਨਾਂ ਨੂੰ 10 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ, ਦੇਸ਼ ਭਰ ਵਿੱਚ ਗੰਨੇ ਦਾ ਸਭ ਤੋਂ ਵੱਧ ਰੇਟ ਦੇਵੇਗਾ ਜਿਸ ਨਾਲ ਕਿਸਾਨਾਂ ਨੂੰ ਵੱਡਾ ਲਾਭ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੀ ਵਚਨਬੱਧਤਾ ਅਨੁਸਾਰ ਕਿਸਾਨਾਂ ਨੂੰ ਦੇਸ਼ ਵਿੱਚ ਗੰਨੇ ਦਾ ਸਭ ਤੋਂ ਵੱਧ ਭਾਅ ਮਿਲੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਹਮੇਸ਼ਾ ਹੀ ਗੰਨਾ ਕਾਸ਼ਤਕਾਰਾਂ ਨੂੰ ਸਭ ਤੋਂ ਵੱਧ ਕੀਮਤ ਦਿੱਤੀ ਹੈ ਅਤੇ ਹੁਣ ਵੀ ਏਸੇ ਦਿਸ਼ਾ ਵਿੱਚ ਇਹ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਗੰਨੇ ਦੀਆਂ ਅਗੇਤੀਆਂ ਕਿਸਮਾਂ ਲਈ ਕਿਸਾਨਾਂ ਨੂੰ 401 ਰੁਪਏ ਪ੍ਰਤੀ ਕੁਇੰਟਲ ਅਤੇ ਗੰਨੇ ਦੀਆਂ ਦਰਮਿਆਨੀਆਂ-ਪਿਛੇਤੀਆਂ ਕਿਸਮਾਂ ਲਈ 391 ਰੁਪਏ ਪ੍ਰਤੀ ਕੁਇੰਟਲ ਭਾਅ ਦੇਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਗੰਨੇ ਦੀ ਸਟੇਟ ਐਗਰੀਡ ਪ੍ਰਾਈਸ (ਐਸ.ਏ.ਪੀ.) ਦੇਸ਼ ਵਿੱਚ ਸਭ ਤੋਂ ਵੱਧ ਹੈ, ਜਿਸ ਨਾਲ ਕਿਸਾਨਾਂ ਨੂੰ ਆਰਥਿਕ ਤੌਰ ਉਤੇ ਵੱਡਾ ਲਾਭ ਹੋਵੇਗਾ।

ਮੁ

# ਰਿਸ਼ਵਤ ਮਾਮਲਾ 'ਚ ਅਡਾਨੀ ਨੂੰ ਜੇਲ੍ਹ ਵਿਚ ਹੋਣਾ ਚਾਹੀਦਾ ਹੈ: ਰਾਹੁਲ

**ਨਵੀਂ ਦਿੱਲੀ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਦੀ ਕਾਰਵਾਈ ਮੁਲਤਵੀ ਹੋਣ ਤੋਂ ਬਾਅਦ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਸੰਸਦ ਦੇ ਬਾਹਰ ਕਿਹਾ ਕਿ ਅਡਾਨੀ 'ਤੇ ਅਮਰੀਕਾ ਵਿਚ ਦੋ ਹਜ਼ਾਰ ਕਰੋੜ ਰੁਪਏ ਰਿਸ਼ਵਤ ਦੇਣ ਦਾ ਦੋਸ਼ ਹੈ, ਇਸ ਕਰ ਕੇ ਉਨ੍ਹਾਂ ਨੂੰ ਜੇਲ੍ਹ ਵਿਚ ਹੋਣਾ ਚਾਹੀਦਾ ਹੈ ਪਰ ਮੋਦੀ ਸਰਕਾਰ ਉਨ੍ਹਾਂ ਨੂੰ ਬਚਾਅ ਰਹੀ ਹੈ। ਦੱਸਣਾ ਬਣਦਾ ਹੈ ਕਿ ਭਾਰਤੀ ਅਰਬਪਤੀ ਕਾਰੋਬਾਰੀ ਗੌਤਮ ਅਡਾਨੀ 'ਤੇ ਅਮਰੀਕਾ ਦੀ ਅਦਾਲਤ 'ਚ ਉਸ 'ਤੇ ਸੂਰਜੀ ਊਰਜਾ ਠੇਕੇ ਹਾਸਲ ਕਰਨ ਲਈ ਭਾਰਤੀ ਅਧਿਕਾਰੀਆਂ ਨੂੰ 25 ਕਰੋੜ ਡਾਲਰ (ਕਰੀਬ 2100 ਕਰੋੜ ਰੁਪਏ) ਦੀ ਰਿਸ਼ਵਤ ਦੇਣ ਦੇ ਦੋਸ਼ ਲੱਗੇ ਸਨ।

ਭਾਰਤ ਦੇ ਦੂਜੇ ਸਭ ਤੋਂ ਅਮੀਰ ਅਡਾਨੀ 'ਤੇ ਅਮਰੀਕੀ ਅਧਿਕਾਰੀਆਂ ਨੇ ਦੋ ਵੱਖੋ-ਵੱਖਰੇ ਮਾਮਲਿਆਂ 'ਚ ਰਿਸ਼ਵਤਖੋਰੀ ਅਤੇ ਸਕਿਊਰਿਟੀਜ਼ ਧੋਖਾਧੜੀ ਦੇ ਦੋਸ਼ ਲਾਏ ਹਨ। ਨਿਊਯਾਰਕ ਦੀ ਅਦਾਲਤ 'ਚ ਅਮਰੀਕੀ ਨਿਆਂ ਵਿਭਾਗ ਵੱਲੋਂ ਗੌਤਮ ਅਤੇ ਉਸ ਦੇ ਭਤੀਜੇ ਸਾਗਰ ਸਮੇਤ ਸੱਤ ਹੋਰਾਂ 'ਤੇ ਮਹਿੰਗੀ ਸੂਰਜੀ ਊਰਜਾ ਖ਼ਰੀਦਣ ਲਈ ਆਂਧਰਾ ਪ੍ਰਦੇਸ਼ ਜਿਹੀਆਂ ਸੂਬਾ ਸਰਕਾਰਾਂ ਦੇ ਅਣਪਛਾਤੇ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਦੇ ਦੋਸ਼ ਲਾਏ ਹਨ ਤਾਂ ਜੋ 20 ਸਾਲਾਂ 'ਚ ਦੋ ਅਰਬ ਅਮਰੀਕੀ ਡਾਲਰ ਤੋਂ ਵੱਧ ਦਾ ਮੁਨਾਫ਼ਾ ਕਮਾਇਆ ਜਾ ਸਕੇ।ਕੱਦਮੇ ਮੁਤਾਬਕ ਨਵੀਂ ਦਿੱਲੀ ਸਥਿਤ ਐਜ਼ਿਊਰ ਪਾਵਰ ਵੀ ਕਥਿਤ ਰਿਸ਼ਵਤਖੋਰੀ ਸਾਜ਼ਿਸ਼ ਦਾ ਹਿੱਸਾ ਸੀ। ਇਸ ਤੋਂ ਇਲਾਵਾ ਅਮਰੀਕੀ ਸਕਿਊਰਿਟੀਜ਼ ਅਤੇ ਐਕਸਚੇਂਜ ਕਮਿਸ਼ਨ ਨੇ ਵੀ ਗੌਤਮ ਅਤੇ ਸਾਗਰ ਅਡਾਨੀ ਤੇ ਐਜ਼ਿਊਰ ਪਾਵਰ ਦੇ ਅਧਿਕਾਰੀ 'ਤੇ ਸੰਘੀ ਸਕਿਊਰਿਟੀਜ਼ ਕਾਨੂੰਨਾਂ ਦੀਆਂ ਧੋਖਾਧੜੀ ਵਿਰੋਧੀ ਧਾਰਾਵਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਹੈ।

# ਬੰਬ ਬਲਾਸਟ ਮਾਮਲੇ 'ਚ ਦੋ ਡੀਐੱਸਪੀ ਤੇ 15 ਇੰਸਪੈਕਟਰਾਂ ਦੇ ਤਬਾਦਲੇ

**ਚੰਡੀਗੜ੍ਹ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਦੇ ਸੈਕਟਰ 26 ਦੇ ਦੋ ਕਲੱਬਾਂ ਦੇ ਬਾਹਰ ਇਕ ਦਿਨ ਪਹਿਲਾਂ ਧਮਾਕੇ ਹੋਣ ਦੇ ਮਾਮਲੇ ਵਿਚ ਚੰਡੀਗੜ੍ਹ ਪੁਲੀਸ ਵੱਲੋਂ ਅੱਜ 15 ਇੰਸਪੈਕਟਰਾਂ ਤੇ ਦੋ ਡੀਐਸਪੀ ਦੇ ਤਬਾਦਲੇ ਕਰ ਦਿੱਤੇ ਗਏ ਹਨ। ਡੀਐਸਪੀ ਉਦੈਪਾਲ ਸਿੰਘ ਅਤੇ ਡੀਐਸਪੀ ਸਨਹਵਿੰਦਰ ਪਾਲ ਨੂੰ ਕੇਂਦਰੀ ਚੰਡੀਗੜ੍ਹ ਅਤੇ ਡੀਐਸਪੀ ਸੁਰੱਖਿਆ ਹਾਈ ਕੋਰਟ ਵਿੱਚ ਕ੍ਰਮਵਾਰ ਸਬ-ਡਿਵੀਜ਼ਨਲ ਪੁਲੀਸ ਅਫਸਰ ਵਜੋਂ ਤਾਇਨਾਤ ਕਰ ਦਿੱਤਾ ਹੈ। ਉਹ 30 ਨਵੰਬਰ ਤੋਂ ਆਪਣਾ ਅਹੁਦਾ ਸੰਭਾਲਣਗੇ, ਜਦਕਿ ਇੰਸਪੈਕਟਰ ਤੁਰੰਤ ਪ੍ਰਭਾਵ ਨਾਲ ਹੋਰ ਖੇਤਰਾਂ ਵਿਚ ਤਾਇਨਾਤ ਕਰ ਦਿੱਤੇ ਗਏ ਹਨ। ਚੰਡੀਗੜ੍ਹ ਪੁਲੀਸ ਨੇ ਇਸ ਮਾਮਲੇ ਦੀ ਅਗਲੇਰੀ ਜਾਂਚ ਲਈ ਮੀਟਿੰਗਾਂ ਦਾ ਦੌਰ ਸ਼ੁਰੂ ਕਰ ਦਿੱਤਾ ਹੈ।

ਇਹ ਪਤਾ ਲੱਗਿਆ ਹੈ ਕਿ ਚੰਡੀਗੜ੍ਹ ਪੁਲੀਸ ਦੇ ਹੱਥ ਦੋ ਸੀਸੀਟੀਵੀ ਲੱਗੀਆਂ ਹਨ ਜਿਸ ਵਿਚ ਮੋਟਰਸਾਈਕਲ ਸਵਾਰ ਚੰਡੀਗੜ੍ਹ ਵਿਚ ਬੰਬ ਧਮਾਕਾ ਕਰਨ ਤੋਂ ਬਾਅਦ ਮੁਹਾਲੀ ਦੇ ਆਈਸ਼ਰ ਲਾਈਟਾਂ 'ਤੇ ਪੁੱਜੇ ਤੇ ਉਹ ਤੇਜ਼ ਰਫਤਾਰ ਵਿਚ ਸਨ, ਇਸ ਤੋਂ ਬਾਅਦ ਉਹ ਏਅਰਪੋਰਟ ਰੋਡ ਵੱਲ ਗਏ ਪਰ ਉਥੇ ਜਾ ਕੇ ਗਾਇਬ ਹੋ ਗਏ। ਪੁਲੀਸ ਨੇ ਅਗਲੇ ਪਾਸੇ ਜਾ ਕੇ ਟੋਲ ਪਲਾਜ਼ਾ ਦੇ ਵੀ ਸੀਸੀਟੀਵੀ ਖੰਘਾਲੇ ਪਰ ਕੋਈ ਜਾਣਕਾਰੀ ਨਾ ਮਿਲੀ। ਇਸ ਦੌਰਾਨ ਮੋਟਰਸਾਈਕਲ ਸਵਾਰਾਂ ਵਿਚ ਇਕ ਨੇ ਹੈਲਮਟ ਪਾਇਆ ਹੋਇਆ ਸੀ ਤੇ ਇਕ ਨੇ ਲੋਈ ਲਪੇਟੀ ਹੋਈ ਸੀ।

# ਸੰਸਦ ਵਿਚ ਵਿਰੋਧੀ ਧਿਰਾਂ ਦਾ ਹੰਗਾਮਾ; ਰਾਜ ਸਭਾ ਤੇ ਲੋਕ ਸਭਾ ਦੀ ਕਾਰਵਾਈ ਮੁਲਤਵੀ

**ਨਵੀਂ ਦਿੱਲੀ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਦੀ ਕਾਰਵਾਈ ਅੱਜ ਜਿਵੇਂ ਹੀ ਸ਼ੁਰੂ ਹੋਈ ਤਾਂ ਕਾਂਗਰਸ ਸਣੇ ਵਿਰੋਧੀ ਧਿਰਾਂ ਨੇ ਅਡਾਨੀ ਤੇ ਉੱਤਰ ਪ੍ਰਦੇਸ਼ ਦੇ ਸੰਭਲ ਵਿੱਚ ਹਾਲ ਹੀ ਵਿੱਚ ਹੋਈ ਹਿੰਸਾ ਅਤੇ ਹੋਰ ਮੁੱਦਿਆਂ ਨੂੰ ਲੈ ਕੇ ਸਰਕਾਰ ਨੂੰ ਘੇਰਿਆ। ਇਸ ਤੋਂ ਬਾਅਦ ਹਾਕਮ ਤੇ ਵਿਰੋਧੀ ਧਿਰਾਂ ਦਰਮਿਆਨ ਹੰਗਾਮਾ ਹੋਇਆ ਜਿਸ ਕਾਰਨ ਲੋਕ ਸਭਾ ਦੀ ਕਾਰਵਾਈ ਦੁਪਹਿਰ 12 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਅੱਜ ਜਿਵੇਂ ਹੀ ਸਦਨ ਦੀ ਬੈਠਕ ਸ਼ੁਰੂ ਹੋਈ ਤਾਂ ਕਾਂਗਰਸ ਸਣੇ ਵਿਰੋਧੀ ਧਿਰ ਦੇ ਕਈ ਮੈਂਬਰ ਵੱਖ-ਵੱਖ ਮੁੱਦਿਆਂ ਤੋਂ ਸਰਕਾਰ ਤੋਂ ਜਵਾਬ ਮੰਗਣ ਲੱਗੇ। ਕਾਂਗਰਸ ਅਤੇ ਸਮਾਜਵਾਦੀ ਪਾਰਟੀ ਦੇ ਕੁਝ ਮੈਂਬਰਾਂ ਨੇ ਨਾਅਰੇਬਾਜ਼ੀ ਕੀਤੀ।

ਇਸ ਤੋਂ ਬਾਅਦ ਜਦੋਂ 12 ਵਜੇ ਲੋਕ ਸਭਾ ਤੇ ਰਾਜ ਸਭਾ ਦੀ ਕਾਰਵਾਈ ਸ਼ੁਰੂ ਹੋਈ ਤਾਂ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਅੰਡਾਨੀ ਤੇ ਸੰਭਲ ਹਿੰਸਾ ਦੇ ਮਾਮਲਿਆਂ ਵਿਚ ਸਪਸ਼ਟ ਕਰਨ ਲਈ ਕਿਹਾ ਪਰ ਇਸ ਤੋਂ ਬਾਅਦ ਸਦਨ ਵਿਚ ਰੌਲਾ ਰੱਪਾ ਪੈ ਗਿਆ ਜਿਸ ਕਾਰਨ ਦੋਵੇਂ ਸਦਨਾਂ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ। ਇਸ ਤੋਂ ਪਹਿਲਾਂ ਜਦ ਸਦਨ ਦੀ ਕਾਰਵਾਈ ਸ਼ੁਰੂ ਹੋਈ ਸੀ ਤਾਂ ਵਿਰੋਧੀ ਧਿਰ ਦੇ ਮੈਂਬਰ ਅਡਾਨੀ ਵਿਵਾਦ ਅਤੇ ਉੱਤਰ ਪ੍ਰਦੇਸ਼ ਦੇ ਸੰਭਲ ਵਿੱਚ ਹਾਲ ਹੀ ਵਿੱਚ ਹੋਈ ਹਿੰਸਾ ਬਾਰੇ ਚਰਚਾ ਕਰਨਾ ਚਾਹੁੰਦੇ ਸਨ। ਚੇਅਰਮੈਨ ਜਗਦੀਪ ਧਨਖੜ ਨੇ ਕਿਹਾ ਕਿ ਉਨ੍ਹਾਂ ਨੂੰ ਵੱਖ ਵੱਖ ਮੁੱਦਿਆਂ ਨੂੰ ਉਠਾਉਣ ਲਈ ਨਿਯਮ 267 ਦੇ ਤਹਿਤ 18 ਨੋਟਿਸ ਪ੍ਰਾਪਤ ਹੋਏ ਹਨ।

# ਐਨ.ਓ.ਸੀ. ਤੋਂ ਬਿਨਾਂ ਪਲਾਟਾਂ ਦੀ ਰਜਿਸਟ੍ਰੇਸ਼ਨ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਈ ਜਾਵੇ: ਮੁੰਡੀਆਂ

**ਚੰਡੀਗੜ੍ਹ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਲੋਕਾਂ ਦੀ ਸਹੂਲਤ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦ੍ਰਿੜ ਵਚਨਬੱਧਤਾ ਤਹਿਤ ਮਾਲ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਸਾਰੇ ਡਿਵੀਜ਼ਨਲ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਐਨ.ਓ.ਸੀ. ਤੋਂ ਬਿਨਾਂ ਪਲਾਟਾਂ ਦੀ ਰਜਿਸਟਰੀ ਦੀ ਵਿਵਸਥਾ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ।

ਡਿਵੀਜ਼ਨਲ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਲਿਖੇ ਪੱਤਰ ਵਿੱਚ ਸ. ਮੁੰਡੀਆਂ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ, 2024 ਰਾਹੀਂ ਲੈਂਡ ਡੀਡਜ਼ ਦੀ ਰਜਿਸਟਰੀ ਲਈ ਐਨ.ਓ.ਸੀ. ਦੀ ਸ਼ਰਤ ਨੂੰ ਖਤਮ ਕਰ ਦਿੱਤਾ ਗਿਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਨੇ 3 ਸਤੰਬਰ ਨੂੰ ਇਸ ਬਿੱਲ ਨੂੰ ਸਹਿਮਤੀ ਦੇ ਦਿੱਤੀ ਸੀ ਜਿਸ ਤੋਂ ਬਾਅਦ ਰਾਜਪਾਲ ਨੇ ਇਸ ਨੂੰ ਪਾਸ ਕਰ ਦਿੱਤਾ ਸੀ, ਜਿਸ ਉਪਰੰਤ ਸੂਬਾ ਸਰਕਾਰ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ।

ਸ. ਮੁੰਡੀਆਂ ਨੇ ਅੱਗੇ ਕਿਹਾ ਕਿ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਗਈ ਹੈ ਜਿਸ ਤਹਿਤ 1 ਦਸੰਬਰ 2024 ਤੋਂ 28 ਫਰਵਰੀ 2025 ਤੱਕ ਤਿੰਨ ਮਹੀਨੇ ਇਸ ਸਹੂਲਤ ਦਾ ਫ਼ਾਇਦਾ ਉਠਾਇਆ ਜਾ ਸਕਦਾ। ਇਸ ਸੰਬੰਧੀ ਮਾਲ ਵਿਭਾਗ ਵੱਲੋਂ ਸਮੂਹ ਡਿਵੀਜ਼ਨਲ ਕਮਿਸ਼ਨਰਾਂ ਤੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਬਾਕਾਇਦਾ ਪੱਤਰ ਜਾਰੀ ਕਰਕੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਦੀ ਕਾਪੀ ਭੇਜਦਿਆਂ ਇਸ ਦੀ ਇੰਨ-ਬਿੰਨ ਪਾਲਣਾ ਦੇ ਨਿਰਦੇਸ਼ ਦਿੱਤੇ ਗਏ ਹਨ।

ਸ. ਮੁੰਡੀਆਂ ਨੇ ਕਿਹਾ ਕਿ ਇਸ ਸੋਧ ਦਾ ਉਦੇਸ਼ ਛੋਟੇ ਪਲਾਟ ਧਾਰਕਾਂ ਨੂੰ ਰਾਹਤ ਦੇਣ ਦੇ ਨਾਲ-ਨਾਲ ਗੈਰ-ਕਾਨੂੰਨੀ ਕਲੋਨੀਆਂ 'ਤੇ ਸਖ਼ਤ ਕੰਟਰੋਲ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ

ਕਿ ਇਹ ਆਮ ਲੋਕਾਂ ਲਈ ਇੱਕ ਵੱਡੀ ਰਾਹਤ ਹੈ ਕਿਉਂਕਿ ਇਸ ਦਾ ਉਦੇਸ਼ ਆਮ ਲੋਕਾਂ ਨੂੰ ਆਪਣੇ ਪਲਾਟਾਂ ਦੀ ਰਜਿਸਟ੍ਰੇਸ਼ਨ ਵਿੱਚ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਦੂਰ ਕਰਨਾ ਅਤੇ ਅਣਅਧਿਕਾਰਤ ਕਲੋਨੀਆਂ ਦੇ ਵਿਕਾਸ 'ਤੇ ਰੋਕ ਲਗਾਉਣਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਕਾਨੂੰਨ ਤਹਿਤ ਅਪਰਾਧੀਆਂ ਲਈ ਜੁਰਮਾਨੇ ਅਤੇ ਸਜ਼ਾ ਦਾ ਉਪਬੰਧ ਵੀ ਕੀਤਾ ਗਿਆ ਹੈ।

ਸ. ਮੁੰਡੀਆਂ ਨੇ ਅੱਗੇ ਕਿਹਾ ਕਿ ਇਸ ਇਤਿਹਾਸਕ ਫੈਸਲੇ ਦਾ ਉਦੇਸ਼ ਆਮ ਆਦਮੀ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਸੋਧ ਅਨੁਸਾਰ ਕੋਈ ਵੀ ਵਿਅਕਤੀ ਜਿਸ ਨੇ ਅਣਅਧਿਕਾਰਤ ਕਲੋਨੀ ਵਿੱਚ ਸਥਿਤ ਪੰਜ ਸੌ ਵਰਗ ਗਜ਼ ਤੱਕ ਦੇ ਖੇਤਰ ਲਈ 31 ਜੁਲਾਈ, 2024 ਤੱਕ ਪਾਵਰ ਆਫ਼ ਅਟਾਰਨੀ, ਸਟੈਂਪ ਪੇਪਰ 'ਤੇ ਵੇਚਣ ਦਾ ਸਮਝੌਤਾ ਜਾਂ ਉਸ ਕੋਲ ਅਜਿਹਾ ਕੋਈ ਹੋਰ ਦਸਤਾਵੇਜ਼ ਹੈ, ਨੂੰ ਜ਼ਮੀਨ ਦੀ ਰਜਿਸਟਰੀ ਲਈ ਨੋ ਆਬਜੈਕਸ਼ਨ ਸਰਟੀਫਿਕੇਟ ਦੀ ਲੋੜ ਨਹੀਂ ਹੋਵੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਅਧਿਕਾਰੀ ਸੂਬਾ ਸਰਕਾਰ ਦੇ ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਉਣ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਇਕੋ ਇੱਕ ਉਦੇਸ਼ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਹੈ।

# ਭਾਜਪਾ ਦਾ ਮੁੱਖ ਮੰਤਰੀ ਸਾਨੂੰ ਮਨਜ਼ੂਰ: ਸ਼ਿੰਦੇ

**ਮੁੰਬਈ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਆਗੂ ਤੇ ਸਾਬਕਾ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫੋਨ ਕਰ ਕੇ ਕਿਹਾ ਹੈ ਕਿ ਉਨ੍ਹਾਂ ਵਿਚ ਨਵੇਂ ਮੁੱਖ ਮੰਤਰੀ ਨੂੰ ਲੈ ਕੇ ਕੋਈ ਮਤਭੇਦ ਨਹੀਂ ਹਨ ਤੇ ਉਹ ਸਾਰੇ ਐਨਡੀਏ ਦਾ ਹਿੱਸਾ ਹਨ। ਸ਼ਿਵ ਸੈਨਾ ਪੂਰੀ ਤਰ੍ਹਾਂ ਪ੍ਰਧਾਨ ਮੰਤਰੀ ਦੇ ਹੁਕਮਾਂ 'ਤੇ ਫੁੱਲ ਚੜ੍ਹਾਏਗੀ ਤੇ ਉਨ੍ਹਾਂ ਦਾ ਮੁੱਖ ਮੰਤਰੀ ਬਾਰੇ ਫੈਸਲਾ ਸਾਨੂੰ ਸਾਰਿਆਂ ਨੂੰ ਮਨਜ਼ੂਰ ਹੋਵੇਗਾ।

ਇਸ ਤੋਂ ਪਹਿਲਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਆਪਣੇ ਆਪ ਨੂੰ ਮੁੱਖ ਮੰਤਰੀ ਨਹੀਂ ਸਮਝਿਆ ਤੇ ਆਮ ਲੋਕਾਂ ਦੀ ਤਰ੍ਹਾਂ ਹੀ ਕੰਮ ਕੀਤਾ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜੋ ਜ਼ਿੰਮੇਵਾਰੀ ਦਿੱਤੀ, ਉਹ ਨੂੰ ਨਿੱਠ ਕੇ ਨਿਭਾਇਆ, ਉਨ੍ਹਾਂ ਲੋਕਾਂ ਵਲੋਂ ਉਨ੍ਹਾਂ ਨੂੰ ਕੀਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ।

# ਮਾਲ ਵਿਭਾਗ ਦਾ ਤਹਿਸੀਲਦਾਰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀ ਕਾਬੂ

**ਬਰਨਾਲਾ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭ੍ਰਿਸ਼ਟਾਚਾਰ ਦੇ ਖਿਲਾਫ਼ ਇੱਕ ਵੱਡੀ ਕਾਰਵਾਈ ਕਰਦੇ ਹੋਏ ਪੰਜਾਬ ਵਿਜੀਲੈਂਸ ਬਿਊਰੋ ਨੇ ਮਾਲ ਵਿਭਾਗ ਦੇ ਇੱਕ ਵੱਡੇ ਅਧਿਕਾਰੀ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀ ਕਾਬੂ ਕੀਤਾ ਹੈ। ਇਸ ਸਬੰਧੀ ਬਥੇਰੇ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਦੇ ਆਧਾਰ 'ਤੇ ਵਿਜੀਲੈਂਸ ਦੀ ਟੀਮ ਨੇ ਜਾਲ ਵਿਛਾ ਕੇ ਤਹਿਸੀਲ ਤਪਾ ਦੇ ਤਹਿਸੀਲਦਾਰ ਸੁਖਚਰਨ ਸਿੰਘ ਨੂੰ 20000 ਦੀ ਰਿਸ਼ਵਤ ਲੈਂਦੇ ਰੰਗੇ ਹੱਥੀ ਕਾਬੂ ਕੀਤਾ ਹੈ। ਉਹਨਾਂ ਦੱਸਿਆ ਕਿ ਦੋਸ਼ੀ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਗ੍ਰਿਫ਼ਤਾਰ ਕੀਤਾ ਮਾਲ ਅਧਿਕਾਰੀ ਤਹਿਸੀਲਦਾਰਾਂ ਦੀ ਜਥੇਬੰਦੀ ਦਾ ਸੂਬਾ ਆਗੂ ਹੈ, ਜਿਸ ਦੀ ਰੰਗੇ ਹੱਥੀ ਰਿਸ਼ਵਤ ਲੈਂਦੇ ਗ੍ਰਿਫ਼ਤਾਰੀ ਤੋਂ ਬਾਅਦ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਜਥੇਬੰਦੀ 'ਚ ਵੀ ਹਲਚਲ ਮੱਚੀ ਹੋਈ ਹੈ।

# ਐਡੀਸ਼ਨਲ ਮੁੱਖ ਚੋਣ ਅਧਿਕਾਰੀ ਹਰੀਸ਼ ਨਈਅਰ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਮੁੱਢਲੀ ਪ੍ਰਕਾਸ਼ਨਾਂ ਦੀਆਂ ਵੋਟਰ ਸੂਚੀਆਂ ਸੌਂਪੀਆਂ

**ਚੰਡੀਗੜ੍ਹ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਐਡੀਸ਼ਨਲ ਮੁੱਖ ਚੋਣ ਅਧਿਕਾਰੀ ਹਰੀਸ਼ ਨਈਅਰ ਨੇ ਸੂਬੇ ਦੀਆਂ ਚਾਰ ਵਿਧਾਨ ਸਭਾ ਹਲਕੇ ਡੇਰਾ ਬਾਬਾ ਨਾਨਕ, ਚੱਬੇਵਾਲ, ਗਿੱਦੜਬਾਹਾ ਅਤੇ ਬਰਨਾਲਾ ਦੀਆਂ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਮੁੱਢਲੀ ਪ੍ਰਕਾਸ਼ਨਾਂ ਦੀਆਂ ਬਿਨਾਂ ਫੋਟੋ ਵੋਟਰ ਸੂਚੀ ਦੀਆਂ ਸੀਡੀਜ਼ ਸੌਂਪੀਆਂ ਹਨ।

ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵਿਖੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਸ੍ਰੀ ਨਈਅਰ ਨੇ ਦੱਸਿਆ ਕਿ 27 ਨਵੰਬਰ, 2024 ਨੂੰ ਮੁੱਢਲੀ ਵੋਟਰ ਸੂਚੀਆਂ ਦੀ ਪ੍ਰਕਾਸ਼ਨਾ ਤੱਕ ਇਨ੍ਹਾਂ ਚਾਰਾਂ ਹਲਕਿਆਂ 

# 45 ਕਰੋੜ ਦੀ ਹੈਰੋਇਨ ਤੇ ਪਿਸਤੌਲ ਸਮੇਤ 5 ਗ੍ਰਿਫ਼ਤਾਰ

**ਏਜੰਸੀਆਂ**

ਅੰਮ੍ਰਿਤਸਰ/ਲੋਪੋਕੇ 28 ਨਵੰਬਰ। ਦਿਹਾਤੀ ਪੁਲਸ ਨੇ ਵਿਸੇਸ ਨਾਕਾਬੰਦੀ ਦੌਰਾਨ ਐੱਨ. ਡੀ. ਪੀ. ਐੱਸ. ਅਤੇ ਅਸਲਾ ਐਕਟ ਤਹਿਤ ਵੱਖ-ਵੱਖ ਮਾਮਲੇ ਦਰਜ ਕਰ ਕੇ ਕੁੱਲ ਸਾਢੇ 6 ਕਿੱਲੋ ਹੈਰੋਇਨ ਅਤੇ ਪਿਸਟਲ ਸਮੇਤ 5 ਮੁਲਜਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਵਿਚ

ਹੈਰੋਇਨ ਦੀ ਅੰਤਰਰਾਸ਼ਟਰੀ ਬਾਜਾਰ ਵਿਚ ਕੀਮਤ 45 ਕਰੋੜ ਰੁਪਏ ਬਣਦੀ ਹੈ। ਐੱਸ. ਐੱਸ. ਪੀ. ਦਿਹਾਤੀ ਚਰਨਜੀਤ ਸਿੰਘ ਨੇ ਦੱਸਿਆ ਕਿ ਥਾਣਾ ਲੋਪੋਕੇ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਮੁਲਜਮ ਮਲਕੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਬੱਚੀਵਿੰਡ ਅਤੇ ਬਲਜਿੰਦਰ ਸਿੰਘ ਉਰਫ ਤੋਤਾ ਪੁੱਤਰ ਸਮੁੰਦ ਸਿੰਘ ਵਾਸੀ ਪਿੰਡ ਮੱਖਣਪੁਰਾ ਨੂੰ 2 ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸੇ ਤਰ੍ਹਾਂ ਇਕ ਹੋਰ ਮਾਮਲੇ ਵਿਚ ਥਾਣਾ ਲੋਪੋਕੇ ਦੀ ਪੁਲਸ ਨੇ ਮੁਲਜਮ ਗੁਰਭੇਜ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਕੱਕੜ ਕਲਾਂ ਨੂੰ 3 ਕਿਲੋ ਹੈਰੋਇਨ ਅਤੇ 2 ਮੋਬਾਇਲਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸ ਤੋਂ ਇਲਾਵਾ ਇਕ ਵੱਖਰੇ ਮਾਮਲੇ ਵਿਚ ਥਾਣਾ ਘਰਿੰਡਾ ਦੀ ਪੁਲਸ ਨੇ ਮੁਲਜਮ ਜਗਰੂਪ ਸਿੰਘ ਉਰਫ ਸਾਜਨ ਪੁੱਤਰ ਕੁਲਵੰਤ ਸਿੰਘ ਵਾਸੀ ਧਨੋਏ ਕਲਾਂ ਦੇ ਘਰੋਂ 1 ਕਿੱਲੋ 498 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਐੱਸ. ਐੱਸ. ਪੀ. ਚਰਨਜੀਤ ਨੇ ਕਿਹਾ ਕਿ ਥਾਣਾ ਰਮਦਾਸ ਦੀ ਪੁਲਸ ਨੇ ਗੈਰ-ਕਾਨੂੰਨੀ ਹਥਿਆਰ ਸਮੇਤ ਮੂਲ ਫਰੈਂਕੋ ਮਸੀਹ ਪੁੱਤਰ ਲਾਲੀ ਮਸੀਹ ਅਤੇ ਅਰਸ ਮਸੀਹ ਪੁੱਤਰ ਨਿਸਾਨ ਮਸੀਹ ਵਾਸੀ ਕੁਰਾਲੀਆਂ ਨੂੰ ਇਕ 32 ਬੋਰ ਦੇਸੀ ਪਿਸਟਲ ਸਮੇਤ ਮੈਗਜੀਨ ਅਤੇ 4 ਜਿ਼ੰਦਾ ਰੌਂਦ 32 ਬੋਰ ਸਮੇਤ ਗ੍ਰਿਫ਼ਤਾਰ ਕੀਤਾ ਹੈ। ਐੱਸ. ਐੱਸ. ਪੀ. ਚਰਨਜੀਤ ਨੇ ਕਿਹਾ ਕਿ ਮੁਲਜਮ ਬਲਜਿੰਦਰ ਸਿੰਘ ਤੋਤਾ ਖਿਲਾਫ ਐੱਨ. ਡੀ. ਪੀ. ਐੱਸ. ਐਕਟ ਤਹਿਤ ਥਾਣਾ ਰੋਪੜ ਵਿਖੇ ਇੱਕ ਮਾਮਲਾ ਪਹਿਲਾ ਤੋਂ ਦਰਜ ਹੈ। ਇਸੇ ਤਰ੍ਹਾਂ ਮੁਲਜਮ ਗੁਰਭੇਜ ਸਿੰਘ ਖਿਲਾਫ ਐੱਨ. ਡੀ. ਪੀ. ਐੱਸ. ਐਕਟ ਤਹਿਤ ਥਾਣਾ ਐੱਸ. ਟੀ. ਐੱਫ. ਐੱਸ. ਏ. ਐੱਸ. ਨਗਰ ਵਿਖੇ ਕੇਸ ਦਰਜ ਹੈ ਅਤੇ ਮੁਲਜਮ ਫਰੈਂਕੋ ਮਸੀਹ ਖਿਲਾਫ ਲੁੱਟ-ਖੋਹ ਦਾ ਮਾਮਲਾ ਥਾਣਾ ਰੋਡ ਵਿਖੇ ਦਰਜ ਹੈ। ਉਨ੍ਹਾਂ ਕਿਹਾ ਕਿ ਉਕਤ ਗੈਰ-ਕਾਨੂੰਨੀ ਵਪਾਰ ਵਿਚ ਸਾਮਲ ਵਿਆਪਕ ਨੈੱਟਵਰਕ ਦਾ ਪਰਦਾਫਾਸ ਕਰਨ ਲਈ ਫਾਰਵਰਡ ਅਤੇ ਬੈਕਵਰਡ ਲਿੰਕਾਂ ਨੂੰ ਚੰਗੀ ਤਰ੍ਹਾਂ ਖੰਗਾਲਿਆ ਜਾ ਰਿਹਾ ਹੈ।

# ਆਧਾਰ ਕਾਰਡ ਨੂੰ ਲੈ ਕੇ ਵੱਡੀ ਖਬਰ

**ਸਰਦੂਲ ਸਿੰਘ**

ਸੰਗਰੂਰ 28 ਨਵੰਬਰ। ਜਨਸੰਖਿਆ ਦੀ ਪਛਾਣ ਅਤੇ ਡਿਜੀਟਲ ਸੇਵਾਵਾਂ ਦੀ ਪਹੁੰਚ ਨੂੰ ਵਧਾਉਣ ਦੇ ਮਿਸ਼ਨ ਦੇ ਤਹਿਤ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਬੱਚਿਆਂ ਦੇ ਆਧਾਰ ਕਾਰਡ ਬਣਵਾਉਣ ਅਤੇ ਬਾਇਓਮੈਟ੍ਰਿਕ ਅਪਡੇਟ ਨੂੰ ਤਰਜੀਹ ਦੇਣ ਲਈ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ। ਜ਼ਿਲ੍ਹਾ ਪੱਧਰੀ ਆਧਾਰ ਮੋਨੀਟਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਉਨ੍ਹਾਂ ਨੇ ਬੱਚਿਆਂ ਦੇ ਆਧਾਰ ਡਾਟਾ ਨੂੰ ਆਧੁਨਿਕ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਜ਼ਰੂਰਤ 'ਤੇ ਜੋਰ ਦਿੱਤਾ। ਇਸ ਮੀਟਿੰਗ 'ਚ ਜ਼ਿਲ੍ਹਾ ਅਧਿਕਾਰੀਆਂ ਦੇ ਨਾਲ ਯੂ. ਆਈ. ਡੀ. ਏ. ਆਈ. ਖੇਤਰੀ ਦਫ਼ਤਰ ਚੰਡੀਗੜ੍ਹ ਤੋਂ ਪ੍ਰਾਜੈਕਟ ਮੈਨੇਜਰ ਮਧੁਰ ਬਾਂਸਲ ਅਤੇ ਸਹਾਇਕ ਮੈਨੇਜਰ ਕਮਲ ਸ਼ਰਮਾ ਵੀ ਵੀਡੀਓ ਕਾਨਫਰੰਸ ਰਾਹੀਂ ਜੁੜੇ। ਉਨ੍ਹਾਂ ਨੇ ਨਾਗਰਿਕਾਂ ਲਈ ਆਧਾਰ ਕਾਰਡ ਸਬੰਧੀ ਸੇਵਾਵਾਂ ਨੂੰ ਸੁਗਮ ਬਣਾਉਣ ਦੇ ਮਾਮਲਿਆਂ 'ਤੇ ਚਰਚਾ ਕੀਤੀ। ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਹਸਪਤਾਲਾਂ ਅਤੇ ਹੋਰ ਸਿਹਤ ਸੇਵਾਵਾਂ ਦੇ ਕੇਂਦਰਾਂ 'ਚ ਨਵਜਨਮੇ ਬੱਚਿਆਂ ਅਤੇ ਪੰਜ ਸਾਲ ਤੱਕ ਦੇ ਬੱਚਿਆਂ ਦੇ ਆਧਾਰ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਾਏ ਜਾਣ। ਉਨ੍ਹਾਂ ਕਿਹਾ ਕਿ ਜਨਮ ਦਾਖਲਾ ਨਾਲ ਸਬੰਧਤ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਆਧਾਰ ਕਾਰਡ ਤੁਰੰਤ ਬਣੇ ਅਤੇ ਮਾਪਿਆਂ ਨੂੰ ਆਧਾਰ ਦੀ ਅਹਿਮੀਅਤ ਬਾਰੇ ਜਾਣੂ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਚਿਤਾਵਨੀ ਦਿੱਤੀ ਕਿ ਬੱਚਿਆਂ ਦੇ ਆਧਾਰ ਕਾਰਡ 'ਚ ਪੰਜ ਸਾਲ ਦੀ ਉਮਰ ਪੂਰੀ ਕਰਨ ਅਤੇ ਫਿਰ 15 ਸਾਲ ਦੀ ਉਮਰ ਪੂਰੀ ਕਰਨ 'ਤੇ ਬਾਇਓਮੈਟ੍ਰਿਕ ਅਪਡੇਟ ਜਰੂਰੀ ਹੈ। ਉਨ੍ਹਾਂ ਕਿਹਾ ਕਿ ਅਕਸਰ ਮਾਪੇ ਇਸ ਸਬੰਧੀ ਬੇਖਬਰ ਰਹਿੰਦੇ ਹਨ, ਜਿਸ ਨਾਲ ਬਾਅਦ 'ਚ ਆਧਾਰ ਸਬੰਧੀ ਕਈ ਮੁਸ਼ਕਿਲਾਂ

ਆਉਂਦੀਆਂ ਹਨ। ਉਨ੍ਹਾਂ ਨੇ ਜੋਰ ਦੇ ਕੇ ਕਿਹਾ ਕਿ 5 ਤੋਂ 7 ਅਤੇ 15 ਤੋਂ 17 ਸਾਲ ਦੇ ਬੱਚਿਆਂ ਦੇ ਮੁਫਤ ਬਾਇਓਮੈਟ੍ਰਿਕ ਅਪਡੇਟ ਲਈ ਮਾਪੇ ਆਧਾਰ ਕੇਂਦਰਾਂ ਦਾ ਦੌਰਾ ਕਰਨ। ਰਿਸ਼ੀ ਨੇ ਕਿਹਾ ਕਿ ਵਿਦਿਆਰਥੀਆਂ ਦੇ ਬਾਇਓਮੈਟ੍ਰਿਕ ਅਪਡੇਟ ਕਰਵਾਉਣ ਲਈ ਸਕੂਲਾਂ ਨੂੰ ਵੀ ਚੋਣਵਾਂ ਕੇਂਦਰ ਬਣਾਇਆ ਜਾ ਸਕਦਾ ਹੈ। ਸਕੂਲ ਪ੍ਰਬੰਧਨ ਨੂੰ ਰੋਸਟਰ ਦੇ ਆਧਾਰ 'ਤੇ ਵਿਦਿਆਰਥੀਆਂ ਦੇ ਡਾਟਾ ਦੀ ਅਪਡੇਟ ਪ੍ਰਕਿਰਿਆ ਨੂੰ ਤੇਜੀ ਨਾਲ ਪੂਰਾ ਕਰਨ ਲਈ ਸਹੂਲਤ ਪ੍ਰਦਾਨ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਸਿੱਖਿਆ ਵਿਭਾਗ ਨਾਲ ਨਜਦੀਕੀ ਤਾਲਮੇਲ ਬਣਾਉਣ ਦੀ ਲੋੜ 'ਤੇ ਜੋਰ ਦਿੱਤਾ। ਪ੍ਰਾਜੈਕਟ ਮੈਨੇਜਰ ਮਧੁਰ ਬਾਂਸਲ ਨੇ ਮੀਟਿੰਗ ਦੌਰਾਨ ਦੱਸਿਆ ਕਿ 14 ਦਸੰਬਰ 2024 ਤੱਕ ਆਧਾਰ ਕਾਰਡ ਨਾਲ ਸਬੰਧਤ ਦਸਤਾਵੇਜ ਅਪਡੇਟ ਮੁਫਤ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਆਧਾਰ ਕਾਰਡ ਨਾਲ ਮੋਬਾਈਲ ਨੰਬਰ ਅਤੇ ਹੋਰ ਦਸਤਾਵੇਜਾਂ ਦਾ ਅਪਡੇਟ ਜਰੂਰੀ ਹੈ, ਤਾਂ ਜੋ ਨਾਗਰਿਕ ਆਧਾਰ ਸਬੰਧੀ ਸੇਵਾਵਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਪ੍ਰਾਪਤ ਕਰ ਸਕਣ। ਇਸ ਮੌਕੇ ਡੀ. ਐੱਫ. ਐੱਸ. ਸੀ. ਗੁਰਪ੍ਰੀਤ ਸਿੰਘ ਕੰਗ, ਡੀ. ਐੱਫ. ਪੀ. ਓ. ਡਾ. ਵਿਨੋਦ ਕੁਮਾਰ, ਪੋਸਟ-ਮਾਸਟਰ ਕੁਲਦੀਪ ਸਿੰਘ ਅਤੇ ਡਿਪਟੀ ਡੀ.ਈ.ਓ. ਮਨਜੀਤ ਕੌਰ ਸਮੇਤ ਕਈ ਅਧਿਕਾਰੀ ਹਾਜਰ ਸਨ। ਸਾਰੇ ਅਧਿਕਾਰੀਆਂ ਨੇ ਇਹ ਯਕੀਨ ਦਿਵਾਇਆ ਕਿ ਬੱਚਿਆਂ ਦੇ ਆਧਾਰ ਕਾਰਡ ਅਤੇ ਬਾਇਓਮੈਟ੍ਰਿਕ ਅਪਡੇਟ ਲਈ ਵਧੇਰੇ ਸਬੰਧਤ ਉਪਰਾਲੇ ਕੀਤੇ ਜਾਣਗੇ। ਬੱਚਿਆਂ ਦੇ ਆਧਾਰ ਕਾਰਡ ਬਣਵਾਉਣ ਅਤੇ ਬਾਇਓਮੈਟ੍ਰਿਕ ਅਪਡੇਟ ਦੇ ਇਹ ਉਪਰਾਲੇ ਨਾ ਸਿਰਫ ਸਰਕਾਰੀ ਸਕੀਮਾਂ ਨੂੰ ਯਕੀਨੀ ਬਣਾਉਣ ਲਈ ਲਾਭਕਾਰੀ ਹਨ, ਸਗੋਂ ਡਿਜੀਟਲ ਪਛਾਣ ਦੇ ਯੁੱਗ ਵਿੱਚ ਹਰੇਕ ਬੱਚੇ ਨੂੰ ਸਮਰੱਥ ਬਣਾਉਣ ਵਲ ਇਕ ਵੱਡਾ ਕਦਮ ਵੀ ਹਨ। ਸੰਗਰੂਰ ਜਿ਼ਲ੍ਹੇ ਦੀ ਇਹ ਮੁਹਿੰਮ ਮਿਸਾਲ ਕਾਇਮ ਕਰੇਗੀ।

## ਟਰੇਨ ਪਲਟਾਉਣ ਦੀ ਸਾਜਿਸ਼, ਰੇਲ ਪੱਟੜੀ ਤੋਂ ਬਰਾਮਦ ਹੋਇਆ 25 ਫੁੱਟ ਲੰਬਾ ਸਰੀਆ

ਨੈਸ਼ਨਲ ਡੈਸਕ 28 ਨਵੰਬਰ। ਪੁਲਸ ਨੇ ਰੇਲ ਪੱਟੜੀ 'ਤੇ 25 ਫੁੱਟ ਲੰਬਾ ਲੋਹੇ ਦਾ ਸਰੀਆ ਬਰਾਮਦ ਕੀਤਾ ਹੈ। ਪੁਲਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਐਤਵਾਰ ਨੂੰ ਦੱਸਿਆ ਕਿ ਇੱਥੇ ਜਹਾਨਾਬਾਦ ਥਾਣਾ ਖੇਤਰ 'ਚ ਪੀਲੀਭੀਤ-ਬਰੇਲੀ ਰੇਲ ਪੱਟੜੀ 'ਤੇ 25 ਫੁੱਟ ਲੰਬਾ ਲੋਹੇ ਦਾ ਸਰੀਆ (ਰਾਡ) ਮਿਲਿਆ। ਇਸ ਸੰਬੰਧ 'ਚ ਜਹਾਨਾਬਾਦ ਥਾਣੇ 'ਚ ਅਣਪਛਾਤੇ ਲੋਕਾਂ ਖਿ਼ਲਾਫ ਇਕ ਐੱਫ.ਆਈ.ਆਰ. ਦਰਜ ਕਰਵਾਈ ਗਈ ਹੈ। ਨਗਰ ਖੇਤਰ ਦੇ ਪੁਲਸ ਖੇਤਰ ਅਧਿਕਾਰੀ (ਸੀਓ) ਦੀਪਕ ਚਤੁਰਵੇਦੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ 22 ਨਵੰਬਰ ਦੀ ਰਾਤ 9.20 ਵਜੇ ਲਲੌਰੀ ਖੇੜਾ ਕੋਲ ਰੇਲ ਪੱਟੜੀ 'ਤੇ ਕਰੀਬ 12 ਮਿਲੀਮੀਟਰ ਵਿਆਸ ਦੀ 25 ਫੁੱਟ ਲੰਬੀ ਰਾਡ ਮਿਲੀ ਸੀ। ਉਨ੍ਹਾਂ ਦੱਸਿਆ ਕਿ ਲੋਹੇ ਦੀ ਰਾਡ ਕਾਰਨ ਟਰੇਨ ਸੰਖਿਆ 05312 ਡੇਮੋ ਪੈਸੇਂਜਰ ਪੀਲੀਭੀਤ ਤੋਂ ਬਰੇਲੀ ਦਰਮਿਆਨ ਕਰੀਬ 4

ਮਿੰਟ ਤੱਕ ਉੱਥੇ ਹੀ ਰੁਕੀ ਰਹੀ। ਉਨ੍ਹਾਂ ਕਿਹਾ ਕਿ ਪੁਲਸ, ਸਰਕਾਰੀ ਰੇਲਵੇ ਪੁਲਸ (ਜੀਆਰਪੀ) ਅਤੇ ਰੇਲਵੇ ਸੁਰੱਖਿਆ ਫੋਰਸ (ਆਰਪੀਐੱਫ) ਦੇ ਦਲਾਂ ਨੇ ਹਾਦਸੇ ਵਾਲੀ ਜਗ੍ਹਾ ਦਾ ਦੌਰਾ ਕੀਤਾ ਅਤੇ ਮਾਮਲੇ ਦੀ ਜਾਂਚ ਕੀਤੀ। ਰੇਲਵੇ ਦੇ ਸੀਨੀਅਰ ਸੈਕਸ਼ਨ ਇੰਜੀਨੀਅਰ ਨੇਤ੍ਰਪਾਲ ਸਿੰਘ ਅਨੁਸਾਰ, ਜਹਾਨਾਬਾਦ ਅਤੇ ਸ਼ਾਹੀ ਰੇਲਵੇ ਸਟੇਸ਼ਨ ਦਰਮਿਆਨ ਰੇਲਵੇ ਕ੍ਰਾਸਿੰਗ ਕੋਲ ਪੱਟੜੀ ਦੇ ਲੋਹੇ ਦੀ ਰਾਡ ਰੱਖੀ ਹੋਈ ਸੀ। ਉਨ੍ਹਾਂ ਦੱਸਿਆ ਕਿ ਰਾਤ 9.15 ਵਜੇ ਟਰੇਨ ਦਾ ਇੰਜਣ ਲੋਹੇ ਦੀ ਰਾਡ ਨਾਲ ਟਕਰਾ ਗਿਆ। ਉਨ੍ਹਾਂ ਕਿਹਾ ਕਿ ਹਾਲਾਂਕਿ ਇਕ ਵੱਡਾ ਹਾਦਸਾ ਟਲ ਗਿਆ। ਉਨ੍ਹਾਂ ਨੇ ਇਸ ਨੂੰ ਟਰੇਨ ਅਤੇ ਯਾਤਰੀਆਂ ਨੂੰ ਨੁਕਸਾਨ ਪਹੁੰਚਾਉਣ ਦੀ ਸੋਚੀ ਸਮਝੀ ਸਾਜਿਸ਼ ਦੱਸਿਆ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਣਪਛਾਤੇ ਲੋਕਾਂ ਖਿ਼ਲਾਫ ਪੁਲਸ 'ਚ ਸ਼ਿਕਾਇਤ ਦਰਜ ਕਰਵਾਈ ਗਈ ਹੈ ਅਤੇ ਪੁਲਸ ਨੇੜੇ-ਤੇੜੇ ਦੇ ਸੀਸੀਟੀਵੀ ਫੁਟੇਜ ਅਤੇ ਸੁਰਾਗਾਂ ਦੀ ਜਾਂਚ ਕਰ ਰਹੀ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਰੇਲ ਪੱਟੜੀ ਕੋਲ ਸ਼ੱਕੀ ਗਤੀਵਿਧੀਆਂ ਨੂੰ ਲੈ ਕੇ ਚੌਕਸ ਰਹਿਣ ਦੀ ਅਪੀਲ ਕੀਤੀ ਹੈ।

## ਵਿਆਹੁਤਾ ਨੂੰ ਕੁੱਟਮਾਰ ਕਰਕੇ ਘਰੋਂ ਕੱਢਿਆ

ਫਿਰੋਜ਼ਪੁਰ 28 ਨਵੰਬਰ। ਫਿਰੋਜ਼ਪੁਰ 'ਚ ਇਕ ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਅਤੇ ਕੁੱਟਮਾਰ ਕਰਕੇ ਘਰੋਂ ਕੱਢਣ ਦੇ ਦੋਸ਼ 'ਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਸਹੁਰੇ ਪਰਿਵਾਰ ਦੇ 8 ਮੈਂਬਰਾਂ ਖਿ਼ਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਪ੍ਰੇਮ ਕੁਮਾਰ ਨੇ ਦੱਸਿਆ ਕਿ ਦਰਖਾਸਤ/ਯੂ. ਆਈ. ਡੀ. ਨੰਬਰ 440633 ਰਾਹੀਂ ਗੁਰਵਿੰਦਰ ਕੌਰ ਪੁੱਤਰੀ ਹਾਕਮ ਸਿੰਘ ਵਾਸੀ ਬਸਤੀ ਢਾਬ ਵਾਲੀ ਤਹਿਸੀਲ ਵਾ ਜ਼ਿਲ੍ਹਾ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਦਾ ਵਿਆਹ ਬੂਟਾ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਪਿੰਡ ਭੰਬਾ ਹਾਜੀ ਨਾਲ ਮਿਤੀ 14 ਦਸੰਬਰ, 2015 ਨੂੰ ਹੋਇਆ ਸੀ। ਵਿਆਹ ਸਮੇਂ ਉਸ ਦੇ ਮਾਤਾ-ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ-ਦਹੇਜ ਇਸਤਰੀ ਧਨ ਵਜੋਂ ਦਿੱਤਾ ਸੀ, ਪਰ ਦੋਸ਼ੀਅਨ ਬੂਟਾ ਸਿੰਘ, ਵਿੱਦਿਆ ਵੰਤੀ ਪਤਨੀ ਗੁਰਦੀਪ ਸਿੰਘ, ਗੁਰਦੀਪ ਸਿੰਘ ਵਾਸੀਅਨ ਪਿੰਡ ਭੰਬਾ ਹਾਜ਼ੀ, ਕੈਲਾਸ਼ ਕੌਰ ਵਾਸੀ ਟਿੱਬੀ ਕਲਾਂ, ਸਵਰਨ ਸਿੰਘ ਵਾਸੀ ਮਾਛੀਵਾੜਾ, ਪ੍ਰਕਾਸ਼ ਕੌਰ ਵਾਸੀ ਬਸਤੀ ਬੋਰੀਆਂ ਵਾਲੀ ਸਿਟੀ ਫਿਰੋਜ਼ਪੁਰ, ਸਰਬਜੀਤ ਕੌਰ ਅਤੇ ਅਵਤਾਰ ਸਿੰਘ ਵਾਸੀਅਨ ਸਦਰਦੀਨ ਵਾਲਾ ਇਸ ਤੋਂ ਖੁਸ਼ ਨਹੀਂ ਸਨ। ਦੋਸ਼ੀਅਨ ਜੋ ਉਸ ਨੂੰ ਘੱਟ ਦਾਜ-ਦਹੇਜ ਲਿਆਉਣ ਕਰਕੇ ਤੰਗ-ਪਰੇਸ਼ਾਨ ਕਰਨ ਲੱਗੇ ਅਤੇ ਦਾਜ ਵਿਚ ਪੈਸਿਆਂ ਦੀ ਮੰਗ ਕਰਦੇ ਸਨ। ਉਸ ਵੱਲੋਂ ਇਨਕਾਰ ਕਰਨ 'ਤੇ ਉਸ ਨੂੰ ਕੁੱਟਮਾਰ ਕਰਕੇ ਘਰੋਂ ਕੱਢ ਦਿੱਤਾ ਅਤੇ ਉਸ ਦਾ ਇਸਤਰੀ ਧੰਨ ਖੁਰਦ-ਬੁਰਦ ਕਰ ਰਹੇ ਹਨ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਪ੍ਰੇਮ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਵਿਆਹੁਤਾ ਦੇ ਬਿਆਨਾਂ 'ਤੇ ਉਸ ਦੇ ਸਹੁਰੇ ਮੈਂਬਰਾਂ ਖਿ਼ਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਵਿਸ਼ਵ ਬੋਸੀਆ ਚੈਲੇਂਜਰ ਬਹਿਰੀਨ ਪ੍ਰਤੀਯੋਗਿਤਾ ਵਿੱਚ ਭਾਰਤ ਦੇ ਬੋਸੀਆ ਖਿਡਾਰੀਆਂ ਨੇ ਜਿੱਤੇ ਨੇ 6 ਤਮਗੇ

**ਕਿਸ਼ਨ ਪਾਲ**

ਜੈਤੋ, 28 ਨਵੰਬਰ। ਬੋਸੀਆ ਫੈਡਰੇਸਨ ਆਫ ਇੰਡੀਆ ਦੇ ਪ੍ਰਧਾਨ ਜਸਪ੍ਰੀਤ ਸਿੰਘ ਧਾਲੀਵਾਲ ਦੀ ਅਗਵਾਈ 'ਚ 7 ਬੋਸੀਆ ਖਿਡਾਰੀਆਂ ਨੇ ਬਹਿਰੀਨ ਵਿਖੇ ਹੋਈ ਅੰਤਰਰਾਸਟਰੀ ਚੈਂਪੀਅਨਸ਼ਿਪ ਵਰਲਡ ਬੋਸੀਆ ਚੈਲੇਂਜਰ 'ਚ ਭਾਗ ਲਿਆ, ਇਸ ਸਬੰਧੀ ਜਾਣਕਾਰੀ ਸੰਸਥਾ ਦੇ ਮੀਡੀਆ ਇੰਚਾਰਜ ਪ੍ਰਮੋਦ ਧੀਰ ਨੇ ਦਿੱਤੀ। ਭਾਰਤ ਦੇ 7 ਖਿਡਾਰੀ ਬਹਿਰੀਨ 'ਚ ਆਯੋਜਿਤ ਵਿਸਵ ਬੋਸੀਆ ਚੈਲੰਜਰ ਚੈਂਪੀਅਨਸ਼ਿਪ 'ਚ ਹਿੱਸਾ ਲੈਣ ਲਈ ਗਏ ਸਨ। ਇਸ ਚੈਂਪੀਅਨਸ਼ਿਪ ਵਿੱਚ 20 ਦੇਸਾਂ ਦੇ ਖਿਡਾਰੀਆਂ ਨੇ ਭਾਗ ਲਿਆ। ਭਾਰਤੀ ਅਥਲੀਟਾਂ ਵਿੱਚੋਂ ਸਚਿਨ ਚਮਾਰੀਆ ਨੇ ਬੀਸੀ-3 ਪੁਰਸ ਵਰਗ ਵਿੱਚ ਸੋਨ ਤਗਮਾ, ਪੂਜਾ ਗੁਪਤਾ ਅਤੇ ਜਤਿਨ ਕੁਮਾਰ ਖੁਸਵਾਹ ਨੇ ਬੀਸੀ-4 ਵਰਗ ਦੇ ਜੋੜੀ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਿਆ, ਅਜਯਾ ਰਾਜ ਨੇ ਬੀਸੀ-3 ਵਰਗ ਕਾਂਸੀ ਤਮਗਾ ਜਿੱਤਿਆ ਵਿੱਚ ਅਤੇ ਪੂਜਾ ਨੇ ਬੀਸੀ-4 ਵਰਗ ਵਿੱਚ ਤਾਂਬੇ ਦਾ ਤਗਮਾ ਜਿੱਤਿਆ। ਬੀਸੀ-4 ਮੇਲ ਵਿਚ ਜਤਿਨ ਕੁਮਾਰ ਕੁਸਵਾਹਾ ਨੇ ਤਗਮਾ

ਜਿੱਤਿਆ। ਵਰਗ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਇਸ ਤੋਂ ਇਲਾਵਾ ਭਾਰਤੀ ਬੋਸੀਆ ਖਿਡਾਰਨਾਂ ਅੰਜਲੀ ਠਾਕੁਰ, ਸਰਿਤਾ, ਵਿਯੋਮ ਪਾਹਵਾ ਨੇ ਵੀ ਸਾਨਦਾਰ ਪ੍ਰਦਰਸਨ ਕੀਤਾ ਪਰ ਕੁਝ ਅੰਕਾਂ ਨਾਲ ਤਮਗਾ ਜਿੱਤਣ ਤੋਂ ਖੁੰਝ ਗਈਆਂ। ਕੋਚ ਗੁਰਪ੍ਰੀਤ ਸਿੰਘ ਧਾਲੀਵਾਲ, ਜਗਰੂਪ ਸਿੰਘ, ਅਮਨਦੀਪ ਸਿੰਘ, ਜਸਿੰਦਰ ਸਿੰਘ, ਜਸਪ੍ਰੀਤ ਸਿੰਘ ਧਾਲੀਵਾਲ, ਅੰਤਰਰਾਸਟਰੀ ਰੈਫਰੀ ਸੁਖਜਿੰਦਰ ਢਿੱਲੋਂ ਵੀ ਇਨ੍ਹਾਂ ਖਿਡਾਰੀਆਂ ਨਾਲ ਗਏ। ਸਾਰਿਆਂ ਨੇ ਆਪੋ ਆਪਣੀ ਸੇਵਾ ਬਾਖੂਬੀ ਨਿਭਾਈ। ਇਸ ਮੌਕੇ ਬੋਸੀਆ ਫੈਡਰੇਸਨ ਆਫ ਇੰਡੀਆ ਦੇ ਚੇਅਰਮੈਨ ਅਸੋਕ ਬੇਦੀ, ਜਨਰਲ ਸਕੱਤਰ ਸਮਿੰਦਰ ਸਿੰਘ ਢਿੱਲੋਂ, 